ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 49

Daily Newspaper Tuesday, March 12, 2019

Tel: 905-793-2202 Fax: 905-793-2282 news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes* Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

## ਕੋਵਰਿਗ ਦੀ ਰਿਹਾਈ ਲਈ ਪੰਦਰਾਂ ਅਮਰੀਕੀ ਵਿਦਵਾਨਾਂ ਨੇ ਚੀਨ ਤੋਂ ਕੀਤੀ ਮੰਗ

ਵਾਸ਼ਿੰਗਟਨ, 11 ਮਾਰਚ (ਪੋਸਟ ਬਿਊਰੋ) : ਚੀਨ ਦੀ ਉੱਘੀ ਟੈਕਨੀਕਲ ਐਗਜ਼ੈਕਟਿਵ ਨੂੰ ਕੈਨੇਡਾ ਵਿੱਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਬਦਲਾਲਊ ਕਾਰਵਾਈ ਤਹਿਤ ਚੀਨ ਵੱਲੋਂ ਨਜ਼ਰਬੰਦ ਕੀਤੇ ਗਏ ਕੈਨੇਡੀਅਨ ਨੂੰ ਰਿਹਾਅ ਕਰਨ ਦੀ ਪੰਦਰਾਂ ਉੱਘੇ ਅਮਰੀਕੀ ਵਿਦੇਸ਼ ਨੀਤੀ ਮਾਹਿਰਾਂ ਵੱਲੋਂ ਮੰਗ ਕੀਤੀ ਗਈ।



ਇਨ੍ਹਾਂ ਵਿਦਵਾਨਾਂ ਤੇ ਥਿੰਕ ਟੈਂਕ ਐਗਜ਼ੈਕਟਿਵਜ਼ ਨੇ ਸਾਂਝੇ ਤੌਰ ਉੱਤੇ ਬਿਆਨ ਜਾਰੀ ਕਰਕੇ ਇਹ ਮੰਗ ਕੀਤੀ ਕਿ ਮਾਈਕਲ ਕੋਵਰਿਗ ਨੂੰ ਨਜ਼ਰਬੰਦ ਕੀਤਾ ਜਾਣਾ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਆਖਿਆ ਕਿ ਮਾਈਕਲ ਦੀ ਗ੍ਰਿਫਤਾਰੀ ਦਾ ਅਮਰੀਕਾ ਤੇ ਚੀਨ ਦਰਮਿਆਨ ਸਕਾਰਾਤਮਕ ਸਬੰਧਾਂ ਲਈ ਯਤਨ ਕਰ ਰਹੇ ਲੋਕਾਂ ਉੱਤੇ ਨਕਾਰਾਤਮਕ ਅਸਰ ਪੈ ਸਕਦਾ ਹੈ।

ਇਹ ਵੀ ਆਖਿਆ ਗਿਆ ਕਿ ਕੋਵਰਿਗ ਏਸ਼ੀਆਈ ਮਾਮਲਿਆਂ ਦਾ ਮਾਹਿਰ ਹੈ ਤੇ ਇੰਟਰਨੈਸ਼ਨਲ ਕ੍ਰਾਇਸਿਸ ਗਰੁੱਪ ਥਿੰਕ ਟੈਂਕ ਨਾਲ ਕੰਮ ਕਰਦਾ ਹੈ। ਚੀਨ ਨੇ ਕੋਵਰਿਗ ਤੇ ਇੱਕ ਹੋਰ ਕੈਨੇਡੀਅਨ ਨੂੰ 10 ਦਸੰਬਰ ਨੂੰ ਗ੍ਰਿਫਤਾਰ ਕੀਤਾ ਸੀ। ਜ਼ਾਹਿਰਾ ਤੌਰ ਉੱਤੇ ਇਹ ਗ੍ਰਿਫਤਾਰੀ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਦੀ ਰਿਹਾਈ ਲਈ ਕੈਨੇਡਾ ਉੱਤੇ ਦਬਾਅ ਪਾਉਣ ਵਾਸਤੇ ਕੀਤੀ ਗਈ ਸੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਮੈਂਗ ਨੂੰ ਕੈਨੇਡਾ ਵੱਲੋਂ ਅਮਰੀਕਾ ਦੇ ਕਹਿਣ ਉੱਤੇ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕਾ ਫਰਾਡ ਸਬੰਧੀ ਲੱਗੇ ਦੋਸ਼ਾਂ ਲਈ ਮੈਂਗ ਦੀ ਹਵਾਲਗੀ ਚਾਹੁੰਦਾ ਹੈ।

ਕੋਵਰਿਗ ਦੀ ਰਿਹਾਈ ਦੀ ਮੰਗ ਕਰਨ ਵਾਲਿਆਂ ਵਿੱਚ ਹਾਰਵਰਡ ਤੋਂ ਨਿਕੋਲਸ ਬਰਨਜ਼, ਪ੍ਰਿੰਸਟਨ ਤੋਂ ਐਨੇ-ਮੈਰੀ ਤੇ ਬਰੁਕਿੰਗ ਇੰਸਟੀਚਿਊਟ ਤੋਂ ਰਿਟਾਇਰਡ ਅਮਰੀਕੀ ਜਨਰਲ ਜੌਹਨ ਐਲਨ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਕੋਵਰਿਗ ਤੇ ਕੈਨੇਡੀਅਨ ਕਾਰੋਬਾਰੀ ਮਾਈਕਲ ਸਪੇਵਰ ਨੂੰ ਜਦੋਂ ਤੋਂ ਗ੍ਰਿਫਤਾਰ ਕੀਤਾ ਗਿਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਨੂੰ ਕਿਸੇ ਵਕੀਲ ਨਾਲ ਵੀ ਨਹੀਂ ਮਿਲਾਇਆ ਗਿਆ, ਜਿਹੜਾ ਉਨ੍ਹਾਂ ਦੀ ਪੈਰਵੀ ਕਰ ਸਕੇ।

## ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਟਰੂਡੋ ਉੱਤੇ ਦਖਲ ਦੇ ਲੱਗ ਰਹੇ ਦੋਸ਼ਾਂ ਤੋਂ ਚਿੰਤਤ ਹੈ ਓਈਸੀਡੀ

ਓਟਵਾ, 11 ਮਾਰਚ (ਪੋਸਟ ਬਿਊਰੋ) : ਗਲੋਬਲ ਪੱਧਰ ਉੱਤੇ ਰਿਸ਼ਵਤਖੋਰੀ ਖਿਲਾਫ ਸਮਝੌਤੇ ਦੀ ਨਿਗਰਾਨੀ ਕਰਨ ਵਾਲੇ ਕੌਮਾਂਤਰੀ ਗਰੁੱਪ ਵੱਲੋਂ ਐਸਐਨਸੀ-ਲਾਵਾਲਿਨ ਖਿਲਾਫ ਮੁਜਰਮਾਨਾ ਕਾਰਵਾਈ ਨੂੰ ਟਾਲਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਥਿਤ ਤੌਰ ਉੱਤੇ ਕੀਤੀ ਗਈ ਦਖਲਅੰਦਾਜ਼ੀ ਦੇ ਲੱਗ ਰਹੇ ਦੋਸ਼ਾਂ ਦੇ ਮਾਮਲੇ ਉੱਤੇ ਵੀ ਨਜ਼ਰ ਰੱਖੀ ਜਾ ਰਹੀ ਹੈ।



ਰਿਸ਼ਵਤਖੋਰੀ ਖਿਲਾਫ ਕੰਮ ਕਰਨ ਵਾਲੇ ਦੀ ਆਰਗੇਨਾਈਜ਼ੇਸ਼ਨ ਫੌਰ ਇਕਨੌਮਿਕ ਕੋ-ਆਪਰੇਸ਼ਨ ਐਂਡ ਡਿਵੈਲਪਮੈਂਟ ਵੱਲੋਂ ਸੋਮਵਾਰ ਨੂੰ ਬਿਆਨ ਜਾਰੀ ਕਰਕੇ ਆਖਿਆ ਗਿਆ ਕਿ ਉਹ ਇਨ੍ਹਾਂ ਦੋਸ਼ਾਂ ਨੂੰ ਲੈ ਕੇ ਚਿੰਤਤ ਹੈ ਕਿ ਟਰੂਡੋ ਤੇ ਉਨ੍ਹਾਂ ਦੇ ਆਫਿਸ ਸਟਾਫ ਵੱਲੋਂ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਨੂੰ ਕਿਊਬਿਕ ਦੀ ਇਸ ਇੰਜੀਨੀਅਰਿੰਗ ਕੰਪਨੀ ਖਿਲਾਫ ਮੁਜਰਮਾਨਾ ਕਾਰਵਾਈ ਨੂੰ ਅੱਗੇ ਵਧਾਉਣ ਦੀ ਥਾਂ ਕੋਈ ਵਿਚਲਾ ਰਾਹ ਲੱਭਣ ਲਈ ਆਖਿਆ ਗਿਆ।

ਜ਼ਿਕਰਯੋਗ ਹੈ ਕਿ ਐਸਐਨਸੀ-ਲਾਵਾਲਿਨ ਉੱਤੇ 2001 ਤੇ 2011 ਦਰਮਿਆਨ ਲਿਬੀਆ ਵਿੱਚ ਕੰਮ ਹਾਸਲ ਕਰਨ ਲਈ ਸਥਾਨਕ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦੇ ਦੋਸ਼ ਲੱਗੇ ਸਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 1999 ਵਿੱਚ 44 ਦੇਸ਼ਾਂ ਵੱਲੋਂ ਐਂਟੀ ਬ੍ਰਾਇਬਰੀ ਕਨਵੈਨਸ਼ਨ ਉੱਤੇ ਦਸਤਖ਼ਤ ਕੀਤੇ ਗਏ ਸਨ ਤੇ ਇਨ੍ਹਾਂ ਵਿੱਚੋਂ ਕੈਨੇਡਾ ਵੀ ਇੱਕ ਸੀ। ਅਜਿਹਾ ਇਸ ਲਈ ਕੀਤਾ ਗਿਆ ਸੀ ਕਿ 36 ਓਈਸੀਡੀ ਮੁਲਕਾਂ ਸਮੇਤ ਰੂਸ ਤੇ ਬ੍ਰਾਜ਼ੀਲ ਵਰਗੇ ਅੱਠ ਹੋਰ ਦੇਸ਼ ਰਿਸ਼ਵਤਖੋਰੀ ਨੂੰ ਠੱਲ੍ਹ ਪਾਉਣ ਲਈ ਆਪਣੇ ਹੀ ਨਾਗਰਿਕਾਂ ਤੇ ਕੰਪਨੀਆਂ ਖਿਲਾਫ ਕਾਨੂੰਨੀ ਕਾਰਵਾਈ ਕਰ ਸਕਣ।

ਇਸ ਗਰੁੱਪ ਨੇ ਪ੍ਰਧਾਨ ਮੰਤਰੀ ਆਫਿਸ ਨੂੰ ਲਿਖਿਆ ਹੈ ਕਿ ਐਸਐਨਸੀ-ਲਾਵਾਲਿਨ ਮਾਮਲੇ ਉੱਤੇ ਉਸ ਵੱਲੋਂ ਬਾਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ। ਹਾਊਸ ਆਫ ਕਾਮਨਜ਼ ਦੀ ਨਿਆਂ ਕਮੇਟੀ ਤੇ ਐਥਿਕਸ ਕਮਿਸ਼ਨਰ ਵੱਲੋਂ ਮਾਮਲੇ ਦੀ ਕੀਤੀ ਜਾ ਰਹੀ ਜਾਂਚ ਉੱਤੇ ਵੀ ਉਹ ਨਜ਼ਰ ਰੱਖ ਰਹੇ ਹਨ। ਗਰੁੱਪ ਨੇ ਇਹ ਵੀ ਆਖਿਆ ਕਿ ਜੂਨ ਵਿੱਚ ਹੋਣ ਵਾਲੀ ਗਰੁੱਪ ਦੀ ਮੀਟਿੰਗ ਵਿੱਚ ਉਹ ਉਮੀਦ ਕਰਦੇ ਹਨ ਕਿ ਕੈਨੇਡਾ ਉਨ੍ਹਾਂ ਨੂੰ ਇਸ ਮਾਮਲੇ ਤੋਂ ਤਫਸੀਲ ਨਾਲ ਜਾਣੂ ਕਰਾਵੇਗਾ।

**ਬਰੈਂਪਟਨ ਸਾਊਥ ਕੰਜ਼ਰਵੇਟਿਵ ਨੌਮੀਨੇਸ਼ਨ**

## ਭਾਈਚਾਰੇ ਦੇ ਹਿੱਤ ਨੂੰ ਮੁੱਖ ਰੱਖਦਿਆਂ ਮਨਮੋਹਨ ਖਰੌੜ ਨੇ ਲਿਆ ਨਾਮ ਵਾਪਸ

### ਹਰਦੀਪ ਗਰੇਵਾਲ ਵੱਲੋਂ ਫੈਸਲੇ ਦਾ ਸੁਆਗਤ




ਬਰੈਂਪਟਨ ਪੋਸਟ ਬਿਊਰੋ: ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸਖ਼ਸ਼ਿਅਤ ਅਤੇ ਰੀਅਲ ਐਸਟੇਟ ਵਿੱਚ ਦਹਾਕਿਆਂ ਤੋਂ ਕੰਮ ਕਰਕੇ ਕਮਿਉਨਿਟੀ ਵਿੱਚ ਆਪਣਾ ਨਾਮ ਸਥਾਪਤ ਕਰ ਚੁੱਕੇ ਮਨਮੋਹਣ ਖਰੌੜ ਵੱਲੋਂ ਬਰੈਂਪਟਨ ਸਾਊਥ ਤੋਂ ਕੰਜ਼ਰਵੇਟਿਵ ਫੈਡਰਲ ਨੌਮੀਨੇਸ਼ਨ ਚੋਣ ਵਿੱਚੋਂ ਆਪਣਾ ਨਾਮ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਇਹ ਫੈਸਲਾ ਭਾਈਚਾਰੇ ਦੇ ਹਿੱਤ ਨੂੰ ਮੁੱਖ ਰੱਖਦਿਆਂ ਕੀਤਾ ਹੈ। ਉਹਨਾਂ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਨੌਮੀਨੇਸ਼ਨ ਚੋਣ ਵਿੱਚ 7 ਦੇ ਕਰੀਬ ਉਮੀਦਵਾਰਾਂ ਵਿੱਚੋਂ 5 ਪੰਜਾਬੀ ਭਾਈਚਾਰੇ ਵਿੱਚ ਮੈਂਬਰਸ਼ਿਪ ਬਣਾਉਣ ਵਿੱਚ ਸਰਗਰਮ ਹਨ। ਸ੍ਰੀ ਖਰੌੜ ਮੁਤਾਬਕ ਭਾਈਚਾਰੇ ਵਿੱਚ ਇਸ ਕਿਸਮ ਦੀ ਦੌੜ ਭੱਜ ਨਾਲ ਭਾਈਚਾਰੇ ਵਿੱਚ ਦੁਬਿਧਾ ਪੈਦਾ ਹੁੰਦੀ ਹੈ ਜਿਸ ਨਾਲ ਭਾਈਚਾਰੇ ਦੀਆਂ ਵੋਟਾਂ ਪੰਜ ਹਿੱਸਿਆਂ 'ਚ ਵੰਡੀਆਂ ਜਾਣਗੀਆਂ ਤੇ ਅਖੀਰ ਸਾਰਿਆਂ ਦੇ ਹੱਥ ਨਿਰਾਸ਼ਾ ਹੀ ਆਵੇਗੀ।

ਸ੍ਰੀ ਖਰੌੜ ਦੇ ਫੈਸਲੇ ਦਾ ਸੁਆਗਤ ਕਰਦੇ ਹੋਏ ਨੌਮੀਨੇਸ਼ਨ ਚੋਣ ਦੇ ਉਮੀਦਵਾਰ ਹਰਦੀਪ ਸਿੰਘ ਗਰੇਵਾਲ ਨੇ ਕਿਹਾ ਕਿ ਉਹਨਾਂ ਦੇ ਇਸ ਫੈਸਲੇ ਨਾਲ ਭਾਈਚਾਰੇ ਵਿੱਚ ਦੁਬਿਧਾ ਘੱਟ ਹੋਵੇਗੀ। ਹਰਦੀਪ ਗਰੇਵਾਲ ਨੇ ਅੱਗੇ ਕਿਹਾ ਕਿ ਸ੍ਰੀ ਖਰੌੜ ਦਾ ਭਾਈਚਾਰੇ ਵਿੱਚ ਚੰਗਾ ਨਾਮ ਹੈ ਅਤੇ ਉਹਨਾਂ ਦੇ ਇਸ ਸਿਆਸੀ ਪਰਪੱਕ ਸੂਝ ਵਾਲੇ ਕਦਮ ਨਾਲ ਉਹਨਾਂ ਦਾ ਕੱਦਕਾਠ ਭਾਈਚਾਰੇ ਵਿੱਚ ਹੋਰ ਉੱਚਾ ਹੋਵੇਗਾ। ਰੀਅਲ ਐਸਟੇਟ ਦੇ ਪ੍ਰੋਫੈਸ਼ਨ ਤੋਂ ਇਲਾਵਾ ਸ੍ਰੀ ਖਰੌੜ ਕਈ ਹੋਰ ਕਮਿਉਨਿਟੀ ਉੱਦਮਾਂ ਨਾਲ ਵੀ ਜੁੜੇ ਹੋਏ ਹਨ ਅਤੇ ਅੱਛਾ ਨਾਮ ਰੱਖਦੇ ਹਨ। ਉਹਨਾਂ ਨੇ ਬਾਕੀ ਸਾਰੇ ਉਮੀਦਵਾਰਾਂ ਨੂੰ ਸ਼ੁਭ ਇੱਛਾਵਾਂ ਵੀ ਦਿੱਤੀਆਂ। ਉਨ੍ਹਾਂ ਬਾਕੀ ਉਮੀਦਵਾਰਾਂ ਹਰਿੰਦਰਪਾਲ ਸਿੰਘ ਚੀਮਾ ਅਤੇ ਰਮਨ ਬਰਾੜ ਰਲਕੇ ਚੱਲਣ ਦੀ ਸਲਾਹ ਦਿੱਤੀ ਤੇ ਇਕਜੁਟਤਾ ਪ੍ਰਗਟਾਉਣ ਦੀ ਅਪੀਲ ਕੀਤੀ।

## ਜਗਮੀਤ ਸਿੰਘ ਨੇ ਅਲੈਗਜ਼ੈਂਡਰ ਬੁਲੇਰਾਈਸ ਨੂੰ ਨਿਯੁਕਤ ਕੀਤਾ ਡਿਪਟੀ ਲੀਡਰ



ਮਾਂਟਰੀਅਲ, 11 ਮਾਰਚ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਨੇ ਸੋਮਵਾਰ ਨੂੰ ਮਾਂਟਰੀਅਲ ਤੋਂ ਐਮਪੀ ਅਲੈਗਜ਼ੈਂਡਰ ਬੂਲੇਰਾਈਸ ਨੂੰ ਆਪਣਾ ਨਵਾਂ ਡਿਪਟੀ ਲੀਡਰ ਚੁਣਨ ਸਬੰਧੀ ਐਲਾਨ ਕੀਤਾ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6
Axxel Insurance Brokers Ltd.

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹੱਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration - Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100 Unit #20 - 7015 Tranmere Drive Mississauga, ON L5S 1T7

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
Mouse & Rats Spiders & Fleas Bedbugs Wasps
Cockroaches Carpenter Ants Silver Fish Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਲਫੀਆ ਬਿਆਨ ਅਤੇ ਹਰ ਤਰ੍ਹਾਂ ਦੀ ਕਾਨੂੰਨੀ ਸਲਾਹ ਲਈ ਸੰਪਰਕ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers, Company and Owner Operators for our US Highway Runs;
Our drivers are the heart of our company;

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਊ ਟੱਰਕ, ਸ਼ਨਿੱਚਰਵਾਰ ਤੇ ਐਤਵਾਰ ਨੂੰ ਘਰੇ। }

**Location:** 75 Rexdale Blvd, Etobicoke, M9W 1P1

**Date:** Friday, March 8th from
8 am to 5 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues
- Referral Bonus
- Competitive Hourly Pay Structure

Bring your resume, abstract and CVOR. Cant make it to job fair?
Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਘਰ ਦੀ ਸ਼ਾਨ ਵਧਾਉ।

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



ਮੂੰਹੋ ਬੋਲਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops





We Specialize In: 100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



NEW

NATION-WIDE. NO ZONES.
TALK, TEXT & DATA PLANS
$35/MO.

Data everywhere.
No surprise charges anywhere.

chatr™ AUTHORIZED DEALER

379 Main St. North, Brampton, ON
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਜਦੋਂ ਚੋਣਾਂ ਲਈ ਹੋਇਆ ਐਲਾਨ ਸੁਣਿਆ,
ਲੱਗ ਗਈ ਟਿਕਟ ਦੀ ਦੌੜ ਸਰਪੱਟ ਬੇਲੀ।
ਪੁਰਾਣੇ ਮਿੱਤਰ ਕਈ ਬਣੇ ਸ਼ਰੀਕ ਲੱਗਦੇ,
ਰਸਤੇ ਰਹੇ ਹਨ ਆਪਸ ਵਿੱਚ ਕੱਟ ਬੇਲੀ।
ਕਬਰ ਯਾਰ ਦੀ ਖੋਦਣ ਲਈ ਤਾਣ ਬਹੁਤਾ,
ਠਿੱਲ੍ਹ ਪਏ ਕੱਢਣ ਨੂੰ ਜਾਪ ਰਹੇ ਵੱਟ ਬੇਲੀ।
ਆਪਣੇ ਲਈ ਤਾਂ ਭੁੱਲਾ ਈ ਤਾਣ ਲਾਉਣਾ,
ਠਿੱਬੀ ਲਾਉਣ ਲਈ ਕੋਈ ਨਾ ਘੱਟ ਬੇਲੀ।
ਟਿਕਟ-ਜੰਗ ਵਿੱਚ ਦੁਸ਼ਮਣੀ ਪਊਗੀ ਜੋ,
ਚੋਣਾਂ ਵਕਤ ਫਿਰ ਰੰਗ ਦਿਖਾਊਗੀ ਉਹ।
ਜਿਹੜੀ ਤਰਫ ਵੀ ਟੱਪ ਗਈ ਖੇਡ ਹੱਦਾਂ,
ਵੱਟੇ ਆਪਣੀ ਬੇੜੀ ਵਿੱਚ ਪਾਊਗੀ ਉਹ।

ਤੀਸ ਮਾਰ ਖਾਂ

# ਰਮਜ਼ਾਨ ਦੌਰਾਨ ਚੋਣ ਪ੍ਰਕਿਰਿਆ ਚਲਾਉਣ ਦੇ ਨਾਲ ਨਵਾਂ ਵਿਵਾਦ ਛਿੜਿਆ

* ਚੋਣ ਕਮਿਸ਼ਨ ਨੇ ਕਿਹਾ: ਪ੍ਰਕਿਰਿਆ ਨਹੀਂ ਰੋਕੀ ਜਾ ਸਕਦੀ * ਮੌਲਾਨਾ ਫਿਰੰਗੀ ਮਹਿਲੀ ਵੱਲੋਂ ਚੋਣ ਤਰੀਕਾਂ ਉੱਤੇ ਇਤਰਾਜ਼

ਨਵੀਂ ਦਿੱਲੀ, 11 ਮਾਰਚ, (ਪੋਸਟ ਬਿਊਰੋ)- ਰਮਜ਼ਾਨ ਦੇ ਮਹੀਨੇ ਵਿੱਚ ਚੋਣਾਂ ਕਰਵਾਉਣ ਦੇ ਫੈਸਲੇ ਉੱਤੇ ਉੱਠੇ ਸਵਾਲਾਂ ਨੂੰ ਰੱਦ ਕਰਦੇ ਹੋਏ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਚੋਣ ਪ੍ਰੋਗਰਾਮ ਵਿੱਚਇਸਲਾਮ ਦੇ ਮੁੱਖ ਤਿਉਹਾਰ ਤੇ ਸ਼ੁੱਕਰਵਾਰ ਦਾ ਧਿਆਨ ਰੱਖਿਆ ਗਿਆ ਹੈ। ਇਸ ਬਾਰੇ ਚੋਣ ਕਮਿਸ਼ਨ ਵਲੋਂਅੱਜ ਜਾਰੀ ਕੀਤੀ ਗਈ ਪ੍ਰਤੀਕਿਰਿਆ ਵਿੱਚ ਕਿਹਾ ਗਿਆ ਹੈ ਕਿ ਰਮਜ਼ਾਨਦਾਪੂਰਾ ਮਹੀਨਾ ਚੋਣ ਪ੍ਰਕਿਰਿਆ ਨਹੀਂਰੋਕੀ ਜਾ ਸਕਦੀ। ਕਮਿਸ਼ਨ ਨੇ ਸਾਫਕਹਿ ਦਿੱਤਾ ਕਿ ਇਸ ਦੌਰਾਨ ਈਦ ਦੇ ਮੁੱਖ ਤਿਉਹਾਰ ਅਤੇ ਸ਼ੁੱਕਰਵਾਰ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ।

ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਅਤੇ ਤ੍ਰਿਣਮੂਲ ਕਾਂਗਰਸ ਦੇ ਆਗੂਆਂ ਨੇ ਰਮਜ਼ਾਨਦੇ ਦਿਨਾਂ ਵਿੱਚ ਹੀ ਚੋਣਾਂ ਕਰਵਾਉਣ ਬਾਰੇ ਕਮਿਸ਼ਨ ਦੀ ਸੋਚ ਉੱਤੇ ਸਵਾਲ ਚੁੱਕਦੇ ਹੋਏ ਇਸ ਉੱਤੇ ਜਾਣ ਬੁੱਝ ਕੇ ਇਹੋ ਜਿਹਾ ਚੋਣ ਪ੍ਰੋਗਰਾਮ ਬਣਾਉਣ ਦਾ ਦੋਸ਼ ਲਾਇਆ ਹੈ। ਚੋਣ ਕਮਿਸ਼ਨ ਵੱਲੋਂ ਚੋਣਾਂ ਦਾ ਐਲਾਨ ਕੀਤੇ ਜਾਣ ਪਿੱਛੋਂ ਆਮ ਆਦਮੀ ਪਾਰਟੀ ਦੇ ਇੱਕ ਵਿਧਾਇਕ ਅਮਾਨਤੁੱਲਾ ਖਾਨ ਨੇ ਕਿਹਾ ਸੀ ਕਿ 12 ਮਈ ਨੂੰ ਦਿੱਲੀ



ਵਿੱਚਰਮਜ਼ਾਨ ਹੋਵੇਗਾ ਤੇ ਉਸ ਦਿਨ ਮੁਸਲਮਾਨ ਵੋਟ ਘੱਟ ਪਾਵੇਗਾ, ਚੋਣ ਕਮਿਸ਼ਨ ਦੇ ਇਸ ਫੈਸਲੇ ਦਾ ਸਿੱਧਾ ਲਾਭ ਭਾਜਪਾ ਨੂੰ ਹੋਵੇਗਾ।

ਚੋਣ ਕਮਿਸ਼ਨ ਨੇ ਇਸ ਐਤਵਾਰ ਨੂੰ ਅਗਲੀਆਂ ਲੋਕ ਸਭਾ ਚੋਣਾਂ ਲਈ ਤਾਰੀਕਾਂ ਦਾ ਐਲਾਨ ਕੀਤਾ ਹੈ, ਜਿਸ ਦੇ7 ਪੜਾਵਾਂ ਵਿੱਚ ਹੋਣ ਵਾਲੀਆਂ ਚੋਣਾਂ ਦਾ ਪਹਿਲਾ ਪੜਾਅ 11 ਅਪ੍ਰੈਲ ਨੂੰ ਬਣਦਾ ਹੈ ਅਤੇ 7ਵਾਂ ਤੇ ਆਖਰੀ ਪੜਾਅ 19 ਮਈ ਨੂੰ ਹੋਣਾ ਹੈ। ਲੋਕ ਸਭਾ ਚੋਣਾਂ ਦੇ ਨਤੀਜੇ ਦਾ ਐਲਾਨ 23 ਮਈ ਨੂੰ ਕੀਤਾ ਜਾਵੇਗਾ।

ਇਸ ਦੌਰਾਨ ਉੱਘੇ ਇਸਲਾਮਿਕ ਸਕਾਲਰ ਤੇ ਲਖਨਊ ਈਦਗਾਹ ਦੇ ਇਮਾਮ ਅਤੇ ਸ਼ਹਿਰਕਾਜ਼ੀ ਮੌਲਾਨਾ ਖਾਲਿਦ ਰਸ਼ੀਦ ਫਿਰੰਗੀ ਮਹਿਲੀ ਨੇ 6 ਮਈ ਤੋਂ 19 ਮਈ ਤਕ ਹੋ ਰਹੀਆਂ ਲੋਕ ਸਭਾ ਚੋਣਾਂ ਬਾਰੇ ਸਖ਼ਤ ਨਾਰਾਜ਼ਗੀ ਵਿਖਾਈ ਹੈ। ਮੌਲਾਨਾ ਫਿਰੰਗੀ ਮਹਿਲੀ ਨੇ ਕਿਹਾ ਕਿ ਪੰਜ ਮਈ ਨੂੰ ਮੁਸਲਮਾਨਾਂ ਦੇ ਸਭ ਤੋਂ ਪਵਿੱਤਰ ਮਹੀਨੇ ਰਮਜ਼ਾਨ ਦਾ ਚੰਦਰਮਾ ਦੇਖਿਆ ਜਾਣਾ ਹੈ ਤੇ ਜੇ ਉਸ ਦਿਨ ਚੰਦਰਮਾ ਦਿੱਸ ਪੈਂਦਾ ਹੈ ਤਾਂ 6 ਮਈ ਤੋਂ ਰੋਜ਼ਾ ਸ਼ੁਰੂ ਹੋ ਜਾਵੇਗਾ। ਰੋਜ਼ੇ ਦੌਰਾਨ ਭਾਰਤ ਵਿੱਚ 6 ਮਈ, 12 ਮਈ ਅਤੇ 19 ਮਈ ਨੂੰ ਵੋਟਿੰਗ ਹੋਣ ਨਾਲ ਦੇਸ਼ ਦੇ ਕਰੋੜਾਂ ਰੋਜ਼ੇਦਾਰਾਂ ਨੂੰ ਪਰੇਸ਼ਾਨੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਇਸ ਦੇਸ਼ ਦੇ ਮੁਸਲਮਾਨਾਂ ਦਾ ਚੇਤਾ ਰੱਖ ਕੇ ਚੋਣ ਪ੍ਰੋਗਰਾਮ ਬਣਾਉਣਾ ਚਾਹੀਦਾ ਸੀ।ਮੌਲਾਨਾ ਖਾਲਿਦ ਰਸ਼ੀਦ ਫਿਰੰਗੀ ਮਹਿਲੀ ਨੂੰ 6 ਮਈ ਨੂੰ ਪੰਜ ਪੜਾਵਾਂ ਅਤੇ ਉਸ ਤੋਂ ਬਾਅਦ ਦੀਆਂ ਤਰੀਕਾਂ ਉੱਤੇ ਇਤਰਾਜ਼ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਨੂੰ 6, 12 ਤੇ 19 ਮਈ ਬਾਰੇ ਮੁੜ ਵਿਚਾਰ ਕਰਨੀ ਚਾਹੀਦੀ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar) 905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by Upto 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5 | 416.677.0047 | Jaspal Singh Gahunia #M08006400

## ਸ: ਮਲਕੀਤ ਸਿੰਘ ਦਿਓਲ ਦਾ ਅਚਾਨਕ ਦੇਹਾਂਤ



ਮਾਲਟਨ, 11 ਮਾਰਚ (ਪੋਸਟ ਬਿਊਰੋ)- ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸਖਸ਼ੀਅਤ ਸ: ਮਲਕੀਤ ਸਿੰਘ ਦਿਓਲ, ਜੋ ਲੰਬੇ ਸਮੇਂ ਤੋਂ ਮਾਲਟਨ ਵਿਖੇ ਰਹਿ ਹਰੇ ਸਨ, ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਉਹ ਇਨ੍ਹੀਂ ਦਿਨੀਂ ਪੰਜਾਬ ਗਏ ਹੋਏ ਸਨ, ਜਿਥੇ ਉਨ੍ਹਾਂ ਦੀ ਅਚਾਨਕ ਡਿੱਗ ਕੇ ਸੱਟ ਲੱਗਣ ਕਾਰਨ ਮੌਤ ਹੋ ਗਈ। ਮੈਟਰੋ ਪੰਜਾਬੀ ਸਪੋਰਟਸ ਕਲੱਬ ਦੇ ਨਾਲ ਜਿਥੇ ਮਲਕੀਤ ਸਿੰਘ ਲੰਬੇ ਸਮੇਂ ਤੋਂ ਜੁੜੇ ਹੋਏ ਸਨ। ਉਥੇ ਹੀ ਸੁਰੂ ਵਿਚ ਜਦੋਂ ਆਸ-ਪਾਸ ਕੋਈ ਵੀ ਗੁਰਦੁਆਰਾ ਸਾਹਿਬਾਨ ਜਾ ਫੇਰ ਹੋਰ ਕੋਈ ਮੱਦਦ ਕਰਨ ਵਾਲੀ ਜਗ੍ਹਾ ਨਹੀਂ ਹੁੰਦੀ ਸੀ, ਉਨ੍ਹਾਂ ਦਿਨੀਂ ਮਲਕੀਤ ਸਿੰਘ ਦਿਓਲ ਏਅਰਪੋਰਟ ਤੋਂ ਬਹੁਤ ਸਾਰੇ ਆਏ ਪਰਵਾਸੀਆਂ ਨੂੰ ਘਰ ਲਿਆ ਕੇ ਰੱਖਿਆ ਕਰਦੇ ਸਨ ਤੇ ਉਨ੍ਹਾਂ ਦੀ ਮੱਦਦ ਕਰਿਆ ਕਰਦੇ ਸਨ। ਮੈਟਰੋ ਪੰਜਾਬੀ ਸਪੋਰਟਸ ਕਲੱਬ ਤੋਂ ਗੁਰਦੀਪ ਸਿੰਘ ਪਿੰਕੀ ਹੁਰਾਂ ਨੇ ਦੱਸਿਆ ਕਿ ਮਲਕੀਤ ਸਿੰਘ ਦਿਓਲ ਸਾਡੇ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਪਾ ਗਏ ਹਨ। ਉਨ੍ਹਾਂ ਦੀ ਮ੍ਰਿਤਕ ਦੇਹ ਮੰਗਲਵਾਰ ਨੂੰ ਟੋਰਾਂਟੋ ਪਹੁੰਚ ਜਾਵੇਗੀ ਤੇ ਉਸ ਤੋਂ ਬਾਅਦ ਸੰਸਕਾਰ ਦੇ ਪ੍ਰੋਗਰਾਮ ਉਲੀਕੇ ਜਾਣਗੇ। ਪਰਿਵਾਰ ਨਾਲ ਦੁੱਖ ਵਿਚ ਸਰੀਕ ਹੋਣ ਲਈ ਅਮਨਦੀਪ ਸਿੰਘ ਦਿਓਲ ਨਾਲ 9056780007 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮਿਸੀਸਾਗਾ ਵਿੱਚ ਛੁਰੇਬਾਜ਼ੀ ਦੇ ਮਾਮਲੇ ਵਿੱਚ ਮਹਿਲਾ ਨੂੰ ਕੀਤਾ ਗਿਆ ਚਾਰਜ



ਮਿਸੀਸਾਗਾ, 11 ਮਾਰਚ (ਪੋਸਟ ਬਿਊਰੋ) : ਸ਼ੁੱਕਰਵਾਰ ਦੇਰ ਰਾਤ ਮਿਸੀਸਾਗਾ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ 54 ਸਾਲਾ ਵਿਅਕਤੀ ਮਾਰਿਆ ਗਿਆ ਤੇ ਉਸ ਦੀ ਲਿਵ-ਇਨ ਪਾਰਟਨਰ ਉੱਤੇ ਪੁਲਿਸ ਵੱਲੋਂ ਸੈਕਿੰਡ ਡਿਗਰੀ ਮਰਡਰ ਦੇ ਦੋਸ ਲਾਏ ਗਏ ਹਨ।

ਇਹ ਘਟਨਾ ਹੁਰੌਨਤਾਰੀਓ ਸਟਰੀਟ ਤੇ ਲੇਕਸ਼ੋਰ ਰੋਡ ਦੇ ਗੁਆਂਢ ਵਿੱਚ ਐਲ ਸਟਰੀਟ ਉੱਤੇ ਸਥਿਤ ਰਿਹਾਇਸੀ ਇਮਾਰਤ ਦੀ ਇੱਕ ਯੂਨਿਟ ਵਿੱਚ ਵਾਪਰੀ। ਗੁਆਂਢੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਛੁਰੇਬਾਜੀ ਦੀ ਇਹ ਘਟਨਾ 14ਵੀਂ ਮੰਜਿਲ ਉੱਤੇ ਵਾਪਰੀ। ਪਰ ਪੁਲਿਸ ਵੱਲੋਂ ਇਸ ਦੀ ਪੁਸਟੀ ਨਹੀਂ ਕੀਤੀ ਗਈ।

ਮ੍ਰਿਤਕ ਦੀ ਪਛਾਣ ਪੁਲਿਸ ਵੱਲੋਂ ਮਾਈਕਲ ਜੌਹਨਸਟਨ ਵਜੋਂ ਕੀਤੀ ਗਈ। ਪਹਿਲਾਂ ਉਸ ਨੂੰ ਗੰਭੀਰ ਜਖਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ 48 ਸਾਲਾ ਮੈਰੀ ਜੁਬਾਨੋਵਿੱਚ ਨੂੰ ਇਸ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## ਮਹਿਲਾ ਪੁਲਿਸ ਅਧਿਕਾਰੀ ਉੱਤੇ ਹਮਲਾ ਕਰਨ ਵਾਲੇ ਦੀ ਪੁਲਿਸ ਕਰ ਰਹੀ ਹੈ ਭਾਲ

ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਟਰੈਫਿਕ ਸਟੌਪ ਦੌਰਾਨ ਇੱਕ ਮਹਿਲਾ ਪੁਲਿਸ ਅਧਿਕਾਰੀ ਉੱਤੇ ਹਮਲਾ ਕਰਨ ਵਾਲੇ ਮਸ਼ਕੂਕ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਇਹ ਘਟਨਾ ਬੀਤੇ ਦਿਨੀਂ 3:20 ਉੱਤੇ ਵੈਸਟਨ ਰੋਡ ਤੇ ਲਾਰੈਂਸ ਐਵਨਿਊ ਵੈਸਟ ਇਲਾਕੇ ਵਿੱਚ ਵਾਪਰੀ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਮਹਿਲਾ ਪੁਲਿਸ ਅਧਿਕਾਰੀ ਟਰੈਫਿਕ ਨੂੰ ਕੰਟਰੋਲ ਕਰ ਰਹੀ ਸੀ ਜਦੋਂ ਇੱਕ ਪੁਰਸ ਆਪਣੀ ਗੱਡੀ ਵਿੱਚੋਂ ਨਿਕਲਿਆ ਤੇ ਉਸ ਕੋਲ ਪਹੁੰਚਿਆ, ਫਿਰ ਉਸ ਨੇ ਕਈ ਵਾਰੀ ਉਸ ਦੇ ਮੂੰਹ ਉੱਤੇ ਘਸੁੰਨ ਜੜ ਦਿੱਤੇ। ਫਿਰ ਮਸਕੂਕ ਪੈਦਲ ਹੀ ਉੱਥੋਂ ਫਰਾਰ ਹੋ ਗਿਆ। ਉਸ ਨੂੰ ਆਖਰੀ ਵਾਰੀ ਵੈਸਟਨ ਰੋਡ ਉੱਤੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ। ਮਹਿਲਾ ਪੁਲਿਸ ਅਧਿਕਾਰੀ ਗੰਭੀਰ ਰੂਪ ਵਿੱਚ ਜਖਮੀ ਹੋ ਗਈ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ 31 ਸਾਲਾ ਟੋਰਾਂਟੋ ਦੇ ਮਸਕੂਕ ਡਵੇਨ ਬੈਲਫੀਲਡ



ਦੀ ਸਨਾਖਤ ਕਰ ਲਈ ਹੈ।

ਬੈਨਫੀਲਡ ਦੀ ਪੁਲਿਸ ਤੇਜੀ ਨਾਲ ਭਾਲ ਕਰ ਰਹੀ ਹੈ। ਉਸ ਨੂੰ ਪੁਲਿਸ ਅਧਿਕਾਰੀ ਉੱਤੇ ਹਮਲਾ ਕਰਨ, ਸਰੀਰਕ ਨੁਕਸਾਨ ਪਹੁੰਚਾਉਣ, ਕਾਨੂੰਨ ਦੀ ਹਿਰਾਸਤ ਤੋਂ ਬਚਣ, ਪੁਲਿਸ ਦੀ ਕਾਰਵਾਈ ਵਿੱਚ ਅੜਿੱਕਾ ਪਾਉਣ ਤੇ ਯੋਗ ਪਲੇਟ ਤੋਂ ਬਿਨਾਂ ਗੱਡੀ ਚਲਾਉਣ ਲਈ ਲੱਭਿਆ ਜਾ ਰਿਹਾ ਹੈ। ਬੈਲਫੀਲਡ ਪੰਜ ਫੁੱਟ ਸੱਤ ਇੰਚ ਤੋਂ ਪੰਜ ਫੁੱਟ ਨੌਂ ਇੰਚ ਤੱਕ ਦਾ ਪਤਲਾ ਤੇ ਛੋਟੀ ਦਾੜ੍ਹੀ ਵਾਲਾ ਪੁਰਸ ਹੈ। ਉਸ ਨੇ ਬੱਕੇਟ ਸਟਾਈਲ ਦੀ ਹੈਟ, ਚਿੱਟੇ ਤੇ ਨੀਲੇ ਰੰਗ ਦੀ, ਕੈਮੋਫਲਾਜ ਕੋਟ ਪਾਏ ਹੋਏ ਸਨ। ਪੁਲਿਸ ਨੇ ਦੱਸਿਆ ਕਿ ਉਸ ਨੂੰ ਹਿੰਸਕ ਮੰਨਿਆ ਜਾ ਰਿਹਾ ਹੈ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ShérGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਾਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਨਸ਼ੀਲੇ ਪਦਾਰਥਾਂ ਬਾਰੇ 'ਸਟਰਾਈਕ'

## * ਫੇਸਬੁੱਕ ਉੱਤੇ ਲਾਈਵ ਹੋ ਕੇ ਨਸ਼ੀਲਾ ਪਦਾਰਥ ਖਰੀਦਿਆ



ਲੁਧਿਆਣਾ, 11 ਮਾਰਚ, (ਪੋਸਟ ਬਿਊਰੋ)- ਲੋਕ ਇਨਸਾਫ਼ ਪਾਰਟੀ ਦੇ ਮੋਢੀ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਅੱਜ ਫੇਸਬੁੱਕ ਉੱਤੇ ਲਾਈਵ ਹੋ ਕੇ ਟਰਾਂਸਪੋਰਟ ਨਗਰ ਦੀ ਘੋੜਾ ਕਾਲੋਨੀ ਤੋਂ ਨਸ਼ੀਲਾ ਪਦਾਰਥ ਖਰੀਦਿਆ ਤੇ ਇਸ ਦੀ ਸ਼ਿਕਾਇਤ ਪੁਲਿਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਨੂੰ ਵੀ ਲਾਈਵ ਜਾ ਕੇ ਕਰ ਦਿੱਤੀ। ਇਸ ਮਾਮਲੇ ਵਿੱਚ ਖਰੀਦੀ ਗਈ ਨਸ਼ੇ ਦੀ ਖੇਪ ਲੈ ਕੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਏਥੇ ਪੁਲਿਸ ਕਮਿਸ਼ਨਰ ਦੇ ਦਫਤਰ ਖੁਦ ਪਹੁੰਚੇ ਅਤੇ ਨਸ਼ੇ ਦੀ ਸ਼ਰੇਆਮ ਵਿਕਰੀ ਹੁੰਦੀ ਹੋਣ ਬਾਰੇ ਸ਼ਿਕਾਇਤ ਕੀਤੀ।

ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਪੁਲਿਸ ਕਮਿਸ਼ਨਰ ਨੂੰ ਦੱਸਿਆ ਕਿ ਉਨ੍ਹਾਂ ਨੇ ਆਪਣੇ ਇਕ ਬੰਦੇ ਨੂੰ ਨਸ਼ੀਲਾ ਪਦਾਰਥ ਖਰੀਦਣ ਲਈ ਟਰਾਂਸਪੋਰਟ ਨਗਰ ਭੇਜਿਆ ਤੇ ਪੈਸੇ ਦੇ ਕੇ ਨਸ਼ੀਲਾ ਪਦਾਰਥ ਖਰੀਦਿਆ ਹੈ। ਇਹ ਸਭ ਫੇਸਬੁੱਕ ਪੇਜ ਉੱਤੇ ਲਗਾਤਾਰ ਦੋ ਘੰਟੇ ਲਾਈਵ ਚੱਲਦਾ ਰਿਹਾ ਹੈ। ਬੈਂਸ ਨੇ ਕਮਿਸ਼ਨਰ ਨਾਲ ਮੁਲਾਕਾਤ ਕਰ ਕੇ ਕਿਹਾ ਕਿ ਨਸ਼ੇ ਦੇ ਕਾਰੋਬਾਰੀ ਸ਼ਰੇਆਮ ਇਹ ਸਭ ਸਾਮਾਨ ਵੇਚ ਰਹੇ ਹਨ। ਪੁਲਿਸ ਨੂੰ ਇਸ ਗੱਲ ਬਾਰੇ ਦੱਸਿਆ ਜਾਂਦਾ ਹੈ, ਪਰ ਕਾਰਵਾਈ ਨਹੀਂ ਕੀਤੀ ਜਾਂਦੀ। ਫੇਸਬੁੱਕ ਉੱਤੇ ਲਾਈਵ ਹੋ ਕੇ ਉਨ੍ਹਾਂ ਨੇ ਸਾਰਿਆਂ ਸਾਹਮਣੇ ਸਾਫ ਕਰ ਦਿੱਤਾ ਹੈ ਕਿ ਕਿਸ ਤਰ੍ਹਾਂ ਨਸ਼ੇ ਦਾ ਕਾਰੋਬਾਰ ਚੱਲ ਰਿਹਾ ਅਤੇ ਪੁਲਿਸ ਅੱਖਾਂ ਬੰਦ ਕਰੀ ਬੈਠੀ ਹੈ। ਉਨ੍ਹਾਂ ਨੇ ਇਸ ਮੌਕੇ ਅੱਧਾ ਨਸ਼ੀਲਾ ਪਦਾਰਥ ਪੁਲਿਸ ਦੇ ਹਵਾਲੇ ਕਰ ਦਿੱਤਾ ਤੇ ਅੱਧਾ ਆਪਣੇ ਕੋਲ ਰੱਖ ਲਿਆ।

ਜਵਾਬ ਵਿੱਚ ਪੁਲਿਸ ਕਮਿਸ਼ਨਰ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਕਿਹਾ ਕਿ ਤੁਸੀਂ ਇਸ ਦੀ ਸ਼ਿਕਾਇਤ ਦਿਓ, ਇਸ ਮਾਮਲੇ ਵਿੱਚ ਪੁਲਿਸ ਆਪਣੇ ਤਰੀਕੇ ਨਾਲ ਕਾਨੂੰਨੀ ਕਾਰਵਾਈ ਕਰ ਲਵੇਗੀ।

# ਆਰ ਟੀ ਆਈ ਤੋਂ ਨਵਾਂ ਖੁਲਾਸਾ: ਰਿਜ਼ਰਵ ਬੈਂਕ ਦੇ ਡਾਇਰੈਕਟਰਜ਼ ਬੋਰਡ ਨੇ ਨੋਟਬੰਦੀ ਦੇ ਪ੍ਰਭਾਵਾਂ ਬਾਰੇ ਚੇਤਾਵਨੀ ਦਿੱਤੀ ਸੀ

ਨਵੀਂ ਦਿੱਲੀ, 11 ਮਾਰਚ, (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਬੈਂਕ (ਰਿਜ਼ਰਵ ਬੈਂਕ ਆਫ ਇੰਡੀਆ) ਦੇ ਡਾਇਰੈਕਟਰਾਂ ਦੇ ਬੋਰਡ ਨੇ ਨੋਟਬੰਦੀ ਨਾਲ ਦੇਸ਼ ਦੇ ਆਰਥਕ ਵਾਧੇ ਉੱਤੇ ਥੋੜ੍ਹੇ ਸਮੇਂ ਵਿਚ ਨਾਂਹ-ਪੱਖੀ ਪ੍ਰਭਾਵ ਪੈਣ ਬਾਰੇ ਚੌਕਸ ਕੀਤਾ ਤੇ ਕਿਹਾ ਸੀ ਕਿ ਇਸ ਦਾ ਕਾਲੇ ਧਨ ਦੀ ਸਮੱਸਿਆ ਨਾਲ ਨਿਪਟਣ ਲਈ ਕੋਈ ਠੋਸ ਪ੍ਰਭਾਵ ਨਹੀਂ ਪਏਗਾ।




ਉਸ ਵੇਲੇ ਡਾਇਰੈਕਟਰ ਮੰਡਲ ਵਿੱਚ ਆਰ ਬੀ ਆਈ ਦੇ ਮੌਜੂਦਾ ਗਵਰਨਰ ਸ਼ਕਤੀਕਾਂਤ ਦਾਸ ਵੀ ਸ਼ਾਮਲ ਸਨ। ਸੂਚਨਾ ਅਧਿਕਾਰ ਕਾਨੂੰਨ (ਆਰ ਟੀ ਆਈ) ਦੀ ਅਰਜ਼ੀ ਦੇ ਕੇ ਪੁੱਛੇ ਸਵਾਲ ਦੇ ਜਵਾਬ ਵਿਚ ਦਿਤੇ ਗਏ ਵੇਰਵੇ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ 8 ਨਵੰਬਰ 2016 ਨੂੰ ਕੀਤੀ ਨੋਟਬੰਦੀ ਦੇ ਐਲਾਨ ਤੋਂ ਸਿਰਫ ਢਾਈ ਘੰਟੇ ਪਹਿਲਾਂ ਆਰ ਬੀ ਆਈ ਦੇ ਬੋਰਡ ਆਫ ਡਾਇਰੈਕਟਰਜ਼ ਦੀ ਬੈਠਕ ਕਰ ਕੇ ਦੱਸਿਆ ਗਿਆ ਕਿ ਸਰਕਾਰ ਦਾ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦਾ ਇਰਾਦਾ ਹੈ ਤੇ ਇਸ ਦਾ ਮੁੱਖ ਮਕਸਦ ਦੇਸ਼ ਵਿੱਚ ਕਾਲੇ ਧਨ ਉੱਤੇ ਰੋਕ ਲਾਉਣਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਬਹੁਤ ਮਹੱਤਵ ਪੂਰਨ ਬੈਠਕ ਵਿਚ ਆਰ ਬੀ ਆਈ ਦੇ ਉਸ ਵੇਲੇ ਦੇ ਗਵਰਨਰ ਉਰਜਿਤ ਪਟੇਲ ਅਤੇ ਓਦੋਂ ਦੇ ਆਰਥਕ ਮਾਮਲਿਆਂ ਦੇ ਸੈਕਟਰੀ ਸ਼ਕਤੀ ਕਾਂਤ ਦਾਸ, ਓਦੋਂ ਦੇ ਖਜ਼ਾਨਾ ਸੈਕਟਰੀ ਅੰਜਲੀ ਚਿੱਬ ਦੁੱਗਲ, ਆਰ ਬੀ ਆਈ ਦੇ ਡਿਪਟੀ ਗਵਰਨਰ ਆਰ. ਗਾਂਧੀ ਅਤੇ ਐਸ ਐਸ ਮੁੰਦੜਾ ਮੌਜੂਦ ਸਨ। ਵਰਨਣ ਯੋਗ ਹੈ ਕਿ ਆਰ. ਗਾਂਧੀ ਅਤੇ ਮੁੰਦੜਾ ਦੋਵੇਂ ਅੱਜ ਕੱਲ੍ਹ ਬੋਰਡ ਆਫ ਡਾਇਰੈਕਟਰਜ਼ ਵਿਚ ਨਹੀਂ ਹਨ। ਇਸ ਮਗਰੋਂ ਸ਼ਕਤੀ ਕਾਂਤ ਦਾਸ ਨੂੰ ਦਸੰਬਰ 2018 ਵਿਚ ਆਰ ਬੀ ਆਈ ਦਾ ਗਵਰਨਰ ਬਣਾਇਆ ਗਿਆ ਸੀ। ਸਰਕਾਰ ਦੀ ਇਸ ਨੋਟਬੰਦੀ ਬਾਰੇ ਅਪੀਲ ਨੂੰ ਮਨਜ਼ੂਰੀ ਆਰ ਬੀ ਆਈ ਦੇ ਬੋਰਡ ਦੀ ਬੈਠਕ ਵਿੱਚ ਦਿਤੀ ਗਈ ਸੀ। ਇਸ ਬੋਰਡ ਆਫ ਡਾਇਰੈਕਟਰਜ਼ ਦੀ 561ਵੀਂ ਬੈਠਕ ਵਿਚ ਕਿਹਾ ਗਿਆ ਸੀ, 'ਬਹੁਤਾ ਕਾਲਾ ਧਨ ਨਕਦੀ ਵਿਚ ਨਹੀਂ, ਸਗੋਂ ਸੋਨਾ ਅਤੇ ਅਚੱਲ ਜਾਇਦਾਦ ਦੇ ਰੂਪ ਵਿਚ ਹੈ ਅਤੇ ਇਸ ਕਦਮ ਦਾ ਇਸ ਜਾਇਦਾਦ ਉੱਤੇ ਕੋਈ ਠੋਸ ਅਸਰ ਨਹੀਂ ਹੋਵੇਗਾ।' ਬੈਠਕ ਵਿਚਨਕਲੀ ਨੋਟਾਂ ਬਾਰੇ ਕਿਹਾ ਗਿਆ ਸੀ ਕਿ ਕੁੱਲ 400 ਕਰੋੜ ਰੁਪਏ ਇਸ ਸ਼੍ਰੇਣੀ ਵਿਚ ਹਨ, ਜੋ ਕੁੱਲ ਕਰੰਸੀ ਦਾ ਬਹੁਤ ਛੋਟਾ ਹਿੱਸਾ ਹਨ।

# ਕਰਤਾਰਪੁਰ ਗਲਿਆਰਾ : ਦਰਸ਼ਨਾਂ ਲਈ ਪਾਸਪੋਰਟ, ਵੀਜ਼ਾ ਦੀ ਸ਼ਰਤ ਦਾ ਮੁੱਖ ਮੰਤਰੀ ਵੱਲੋਂ ਵਿਰੋਧ

ਚੰਡੀਗੜ੍ਹ, 11 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਸਾਹਿਬ ਦੇ ਗਲਿਆਰੇ ਦੇ ਵਿਕਾਸ ਵਿੱਚ ਤੇਜੀ ਲਿਆਉਣ ਦੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਫੈਸਲੇ ਦਾ ਸਵਾਗਤ ਕੀਤਾ, ਪਰ ਨਾਲ ਉਨ੍ਹਾਂ ਨੇ ਅੰਤਰਰਾਸ਼ਟਰੀ ਸਰਹੱਦ ਤੋਂ ਪਾਰ ਇਤਿਹਾਸਕ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਸੰਗਤ ਲਈ ਪਾਸਪੋਰਟ ਤੇ ਵੀਜ਼ਾ ਮੁਕਤ 'ਖੁੱਲ੍ਹੇ ਦਰਸ਼ਨ ਦੀਦਾਰ' ਦੀ ਇਜਾਜ਼ਤ ਦੇਣ ਦੀ ਮੰਗ ਨੂੰ ਦੁਹਰਾਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪਾਸਪੋਰਟ ਦੀ ਸ਼ਰਤ ਖਤਮ ਕਰ ਕੇ ਅਤੇ ਸ਼ਰਧਾਲੂਆਂ ਦੀ ਪਛਾਣ ਦੀ ਤਸਦੀਕ ਦੇ ਲਈ ਪਾਸਪੋਰਟ ਦੀ ਬਜਾਏ ਹੋਰ ਦਸਤਾਵੇਜ਼ਾਂ ਦੀ ਵਰਤੋਂ ਕਰ ਕੇ ਬਿਨਾਂ ਪਾਸਪੋਰਟ ਵਾਲੇ ਸ਼ਰਧਾਲੂਆਂ ਦੇ ਲਈ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦੇ ਲਈ ਜਾਣ ਦੀ ਸੁਵਿਧਾ ਆਸਾਨੀ ਨਾਲ ਦੇ ਸਕਦੀ ਹੈ।

# ਪਾਕਿ ਵਿੱਚ ਰਾਜਸਥਾਨ ਨਾਲ ਦੀ ਕੌਮਾਂਤਰੀ ਸਰਹੱਦ ਉੱਤੇ ਹਲਚਲ ਵਧੀ

ਜੈਪੁਰ, 11 ਮਾਰਚ (ਪੋਸਟ ਬਿਊਰੋ)- ਰਾਜਸਥਾਨ ਨਾਲ ਦੀ ਕੌਮਾਂਤਰੀ ਸਰਹੱਦ ਉੱਤੇ ਪਾਕਿਸਤਾਨ ਵਿੱਚ ਹਲਚਲ ਵਧ ਗਈ ਹੈ। ਸੂਬੇ ਦੇ ਚਾਰ ਜ਼ਿਲਿਆਂ ਨਾਲ ਲੱਗਦੀ 1070 ਕਿਲੋਮੀਟਰ ਲੰਬੀ ਸਰਹੱਦ ਨੇੜੇ ਪਾਕਿਸਤਾਨੀ ਸਰਹੱਦ ਵਿੱਚ ਗਤੀਵਿਧੀਆਂ ਵਧਣ ਦੀ ਪੁਸ਼ਟੀ ਬੀ ਐੱਸ ਐੱਫ ਨੇ ਵੀ ਕੀਤੀ ਹੈ।

ਪਤਾ ਲੱਗਾ ਹੈ ਕਿ ਪਾਕਿਸਤਾਨ ਦੇ ਚਾਰ ਏਅਰਬੇਸ ਭਾਰਤ ਦੇ ਰਾਜਸਥਾਨ ਦੇ ਨੇੜੇ ਹਨ। ਇਨ੍ਹਾਂ ਵਿੱਚ ਰਹੀਮਯਾਰ ਖਾਨ ਪਾਕਿਸਤਾਨ ਦਾ ਐਡਵਾਂਸ ਅਟੈਕ ਬੇਸ ਤਾਂ ਰਾਜਸਥਾਨ ਦੇ ਸ੍ਰੀਗੰਗਾਨਗਰ ਨੇੜੇ ਹੈ। ਰਾਜਨਪੁਰ ਫਾਰਵਰਡ ਏਅਰਬੇਸ ਵੀ ਸ੍ਰੀਗੰਗਾਨਗਰ ਕੋਲ ਹੈ। ਰਫੀਕੀ ਤੇ ਬਿਹਾਰੀ ਏਅਰਬੇਸ ਬੀਕਾਨੇਰ ਕੋਲ ਹਨ। ਬੀ ਐੱਸ ਐੱਫ ਸੂਤਰਾਂ ਦਾ ਦਾਅਵਾ ਹੈ ਕਿ ਇਨ੍ਹਾਂ ਉੱਤੇ ਪਾਕਿਸਤਾਨ ਹਵਾਈ ਸੈਨਾ ਦੀ ਹਲਚਲ ਪਿਛਲੇ ਕੁਝ ਦਿਨਾਂ ਵਿੱਚ ਵਧੀ ਹੈ। ਸ੍ਰੀਗੰਗਾਨਗਰ ਜ਼ਿਲ੍ਹੇ ਦੇ ਤਿੰਨ ਬੀ ਪਿੰਡ ਵਿੱਚ ਦੇਰ ਰਾਤ ਇਕ ਘਰ ਦੀ ਛੱਤ ਉੱਤੇ ਕੋਈ ਬੰਬ ਵਰਗੀ ਚੀਜ਼ ਡਿੱਗ ਪੈਣ ਪਿੱਛੋਂ ਧਮਾਕੇ ਦੀ ਆਵਾਜ਼ ਨਾਲ ਘਰ ਅਤੇ ਆਲੇ-ਦੁਆਲੇ ਦੇ ਲੋਕ ਬਾਹਰ ਆ ਗਏ। ਇਸ ਨਾਲ ਘਰ ਦੀ ਛੱਤ ਵਿੱਚ ਛੇਕ ਹੋ ਗਿਆ। ਸੂਚਨਾ ਮਿਲਣ ਉੱਤੇ ਪੁਲਿਸ ਟੀਮ ਮੌਕੇ ਉੱਤੇ ਪੁੱਜੀ। ਸੋਮਵਾਰ ਸਵੇਰੇ ਸੈਨਾ ਦੇ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਗਈ। ਪੁਲਿਸ ਦਾ ਮੰਨਣਾ ਹੈ ਕਿ ਬੰਬ ਵਰਗੀ ਚੀਜ਼ ਐਂਟੀ ਏਅਰਕ੍ਰਾਫਟ ਗਨ ਦੇ ਗੋਲੇ ਦਾ ਖੋਲ ਲੱਗਦਾ ਹੈ।

ਇਸ ਦੌਰਾਨ ਇਸ ਸੂਬੇ ਦੇ ਜੈਸਲਮੇਰ ਵਿੱਚ ਸੁਰੱਖਿਆ ਏਜੰਸੀਆਂ ਨੇ ਜਾਸੂਸੀ ਦੇ ਦੋਸ਼ ਵਿੱਚ ਇਕ ਨੌਜਵਾਨ ਨੂੰ ਫੜਿਆ ਹੈ। ਸੁਰੱਖਿਆ ਏਜੰਸੀਆਂ ਨੂੰ ਇਸ ਉੱਤੇ ਪਾਕਿਸਤਾਨੀ ਖੁਫੀਆ ਏਜੰਸੀ ਇੰਟਰ ਸਰਵਿਸ ਇੰਟੈਲੀਜੈਂਸ (ਆਈ ਐੱਸ ਆਈ) ਦੇ ਸੰਪਰਕ ਵਿੱਚ ਰਹਿਣ ਦਾ ਸ਼ੱਕ ਹੈ। ਇਸ ਕਾਰਨ ਉਸ ਨੂੰ ਫੜਿਆ ਗਿਆ ਹੈ। ਨੌਜਵਾਨ ਦਾ ਨਾਂ ਨਵਾਬ ਖਾਨ ਦੱਸਿਆ ਗਿਆ ਹੈ। ਉਹ ਜੈਸਲਮੇਰ ਜ਼ਿਲ੍ਹੇ ਦੇ ਸਮ ਪਿੰਡ ਦਾ ਵਾਸੀ ਹੈ ਅਤੇ ਸੁਰੱਖਿਆ ਏਜੰਸੀਆਂ ਦੇ ਮੁਤਾਬਕ ਉਨ੍ਹਾਂ ਨੂੰ ਨਵਾਬ ਖਾਨ ਉੱਤੇ ਕਾਫੀ ਸਮੇਂ ਤੋਂ ਆਈ ਐੱਸ ਆਈ ਦੇ ਸੰਪਰਕ ਵਿੱਚ ਰਹਿਣ ਦਾ ਸ਼ੱਕ ਸੀ। ਇਸ ਕਾਰਨ ਨਵਾਬ ਖਾਨ ਸੁਰੱਖਿਆ ਏਜੰਸੀਆਂ ਦੀ ਨਿਗਰਾਨੀ ਵਿੱਚ ਸੀ। ਉਹ ਸਮ ਇਲਾਕੇ ਵਿੱਚ ਜੀਪ ਸਫਾਰੀ ਦਾ ਕੰਮ ਕਰਦਾ ਹੈ। ਇਸ ਤੋਂ ਪਹਿਲਾਂ ਸ਼ਨਿਚਰਵਾਰ ਸ਼ਾਮ ਸ੍ਰੀਗੰਗਾਨਗਰ ਜ਼ਿਲ੍ਹੇ ਵਿੱਚ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਸੀ।

# ਟਰੰਪ ਨਵੇਂ ਬੱਜਟ ਵਿੱਚ ਮੈਕਸੀਕੋ ਵਾਲੀ ਕੰਧ ਬਣਾਉਣ ਲਈ 8.6 ਅਰਬ ਡਾਲਰ ਮੰਗਣ ਲੱਗੈ

ਵਾਸ਼ਿੰਗਟਨ, 11 ਮਾਰਚ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਦੇਸ਼ ਦੇ ਅਗਲੇ ਬਜਟ ਵਿੱਚ ਮੈਕਸੀਕੋ ਸਰਹੱਦ ਉੱਤੇ ਕੰਧ ਬਣਾਉਣ ਲਈ 8.6 ਅਰਬ ਡਾਲਰ ਦੀ ਮੰਗ ਕਰ ਸਕਦੇ ਹਨ।



ਅਮਰੀਕੀ ਮੀਡੀਆ ਨੇ ਅਣਪਛਾਤੇ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਦਿੱਤੀਆਂ ਵੱਖ-ਵੱਖ ਰਿਪੋਰਟਾਂ ਵਿੱਚ ਕਿਹਾ ਹੈ ਕਿ ਵ੍ਹਾਈਟ ਹਾਊਸ ਅਗਲੇ ਸਾਲ 2020 ਦੇ ਬੱਜਟ ਵਿੱਚ ਇਸ ਕੰਧ ਦੀ ਯੋਜਨਾ ਪੇਸ਼ ਕਰ ਸਕਦਾ ਹੈ। ਇਨ੍ਹਾਂ ਮੀਡੀਆ ਰਿਪੋਰਟਾਂ ਮੁਤਾਬਕ ਰਾਸ਼ਟਰਪਤੀ ਡੋਨਾਲਡ ਟਰੰਪ ਮੈਕਸੀਕੋ ਨਾਲ ਲੱਗਦੀ ਅਮਰੀਕੀ ਸਰਹੱਦ ਉੱਤੇ ਇਹ ਕੰਧ ਬਣਾਉਣ ਲਈ ਪਿਛਲੇ ਸਾਲ ਦੀ ਆਪਣੀ ਮੰਗ ਤੋਂ ਦੁੱਗਣੀ ਰਕਮ ਮੰਗ ਸਕਦੇ ਹਨ। ਪਿਛਲੇ ਸਾਲ ਉਨ੍ਹਾਂ ਨੇ ਕੰਧ ਲਈ 5.7 ਅਰਬ ਡਾਲਰ ਦੀ ਮੰਗ ਕੀਤੀ ਸੀ। ਇਕ ਰਿਪੋਰਟ ਮੁਤਾਬਕ ਇਸ ਰਕਮ ਦੀ ਵਰਤੋਂ ਕਰੀਬ 700 ਮੀਲ (1127 ਕਿਲੋਮੀਟਰ) ਲੰਬੀ ਸਰਹੱਦ ਉੱਤੇ ਕੰਧ ਬਣਾਉਣ ਲਈ ਕੀਤੀ ਜਾਵੇਗੀ। ਅਗਲਾ ਵਿੱਤ ਸਾਲ 2020 ਇਕ ਅਕਤੂਬਰ ਨੂੰ ਸ਼ੁਰੂ ਹੋਵੇਗਾ। ਅਮਰੀਕੀ ਕਾਂਗਰਸ ਨੇ ਇਸ ਤੋਂ ਪਹਿਲਾਂ ਬਜਟ ਪਾਸ ਕਰਨਾ ਹੈ, ਤਾਂ ਕਿ ਫੈਡਰਲ ਸਰਕਾਰ ਵਿੱਤ ਸਾਲ 2020 ਦੇ ਸ਼ੁਰੂ ਹੋਣ ਪਿੱਛੋਂ ਆਪਣਾ ਕੰਮ ਸੁਚਾਰੂ ਰੂਪ ਨਾਲ ਚਲਾ ਸਕੇ। ਵ੍ਹਾਈਟ ਹਾਊਸ ਦੇ ਆਰਥਿਕ ਸਲਾਹਕਾਰ ਲੈਰੀ ਕੁਜਲੋ ਨੇ ਇਸ ਬਾਰੇ ਮੀਡੀਆ ਨਾਲ ਗੱਲਬਾਤ ਵਿੱਚ ਸਾਫਕਿਹਾ ਕਿ ਕੰਧ ਬਣਾਉਣਾ ਬਹੁਤ ਜ਼ਰੂਰੀ ਹੈ ਅਤੇ ਉਹ ਆਸ ਕਰਦੇ ਹਨ ਕਿ ਰਾਸ਼ਟਰਪਤੀ ਟਰੰਪ ਇਸ ਕੰਧ ਦੀ ਉਸਾਰੀ ਦੀ ਆਪਣੀ ਯੋਜਨਾ ਉੱਤੇ ਡਟੇ ਰਹਿਣਗੇ।

# ਨੇਤਾ ਜੀ ਸੁਭਾਸ਼ ਦੇ ਪੜਪੋਤੇ ਨੇ ਕਿਹਾ: ਬੋਸ ਦੀ ਮੌਤ ਬਾਰੇ ਅਧੂਰੀਆਂ ਜਾਣਕਾਰੀਆਂ ਨਾਲ ਗੁੰਮਰਾਹ ਕੀਤਾ ਜਾ ਰਿਹੈ

ਦੁਬਈ, 11 ਮਾਰਚ, (ਪੋਸਟ ਬਿਊਰੋ)- ਆਜ਼ਾਦੀ ਲਹਿਰ ਦੇ ਮਹਾਨ ਨਾਇਕ ਸੁਭਾਸ਼ ਚੰਦਰ ਬੋਸ ਦੇ ਪੜਪੋਤੇ ਅਤੇ ਲੇਖਕ ਦਾ ਕਹਿਣਾ ਹੈ ਕਿ ਨੇਤਾ ਜੀ ਦੀ ਮੌਤ ਬਾਰੇ ਗੁੰਮਰਾਹਕੁੰਨ ਜਾਣਕਾਰੀ ਨਾਲ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਹੈ।



ਐਮੀਰੇਟਸ ਫੈਸਟੀਵਲ ਆਫ ਲਿਟਰੇਚਰ ਮਗਰੋਂ ਗੱਲਬਾਤ ਕਰਦੇ ਹੋਏ'ਲੇਡ ਟੂ ਰੈਸਟ: ਦਿ ਕੰਟਰੋਵਰਸੀ ਓਵਰ ਸੁਭਾਸ਼ ਚੰਦਰ ਬੋਸ ਹੈਥ' ਦੇ ਲੇਖਕ ਅਤੇ ਪੱਤਰਕਾਰ ਆਸ਼ੀਸ਼ ਰੇਅ ਨੇ ਕਿਹਾ ਹੈ ਕਿ ਨੇਤਾ ਜੀ ਨਾਲ ਕੀ ਕੁਝ ਹੋਇਆ ਸੀ, ਇਸ ਬਾਰੇ ਨਿਜੀ ਹਿੱਤਾਂ ਵਾਲੇ ਲੋਕਾਂ ਵਲੋਂ ਫੈਲਾਈਆਂ ਜਾਂਦੀਆਂ ਗੁੰਮਰਾਹਕੁੰਨ ਜਾਣਕਾਰੀਆਂ ਤੋਂਉਹ ਤੰਗ ਆ ਚੁੱਕੇ ਹਨ। ਇਹ ਪੁੱਛਣ ਉੱਤੇ ਕਿ ਉਨ੍ਹਾਂ ਨੇ ਇਹ ਕਿਤਾਬ ਕਿਉਂ ਲਿਖੀ, ਆਸ਼ੀਸ਼ ਰੇਅ ਨੇ ਕਿਹਾ ਕਿ ਉਹ ਇਸ ਭਰਮ ਨੂੰ ਦੂਰ ਕਰਨਾ ਚਾਹੁੰਦੇ ਸਨ ਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਮੌਤ ਜਹਾਜ਼ ਹਾਦਸੇ ਵਿਚ ਹੋ ਗਈ ਸੀ। ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ, ਪਰ ਅਸਲ ਵਿੱਚ ਇਹੀ ਸੱਚ ਹੈ। ਵਰਨਣ ਯੋਗ ਹੈ ਕਿ ਇਹ ਗੱਲ ਆਮ ਕਹੀ ਜਾਂਦੀ ਹੈ ਕਿ 18 ਅਗਸਤ 1945 ਵਿਚ ਇਕ ਜਹਾਜ਼ ਹਾਦਸੇ ਦੌਰਾਨਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਮੌਤ ਹੋ ਗਈ ਸੀ। ਉਨ੍ਹਾਂ ਦੇ ਪਰਿਵਾਰ ਦੇ ਕੁਝ ਲੋਕ ਤੇ ਉਨ੍ਹਾਂ ਦੇ ਹਮਾਇਤੀ ਇਸ ਗੱਲ ਉੱਤੇ ਵਿਸ਼ਵਾਸ ਨਹੀਂ ਕਰਦੇ। ਆਸ਼ੀਸ਼ ਰੇਅ ਦਾ ਕਹਿਣਾ ਹੈ ਕਿ ਬੋਸ ਦੇ ਵੱਡੇ ਭਰਾ ਸ਼ਰਤ ਬੋਸ ਦੀ ਬੇਵਕਤੀ ਮੌਤ ਕਾਰਨ ਇਹ ਭੇਦ ਕਦੇ ਨਹੀਂ ਖੁੱਲ੍ਹ ਸਕਿਆ। ਉਨ੍ਹਾਂ ਕਿਹਾ ਕਿ ਜੇ ਉਹ ਕੁਝ ਕੁ ਹੋਰ ਦਿਨ ਜਿੰਦਾ ਰਹਿੰਦੇ ਤਾਂ ਮਾਮਲਾ ਹੱਲ ਹੋ ਜਾਣਾ ਸੀ। ਰੇਅ ਨੇ ਕਿਹਾ ਕਿ ਪਿਛਲੇ ਸੱਤ ਦਹਾਕਿਆਂ ਵਿਚ ਗੁੰਮਰਾਹਕੁੰਨ ਸੂਚਨਾਵਾਂ ਫੈਲਾਈਆਂ ਗਈਆਂ ਹਨ, ਜਿਨ੍ਹਾਂ ਦੇ ਨਾਲ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਭਾਰਤ ਸਰਕਾਰ ਕੋਲ ਉਨ੍ਹਾਂ ਦੀ ਇਕਲੌਤੀ ਸੰਤਾਨ ਪ੍ਰੋਫੈਸਰ ਅਨੀਤਾ ਬੋਸ ਦੀ ਪਟੀਸ਼ਨ ਦੀ ਹਮਾਇਤ ਕਰਨੀ ਪਈ ਸੀ ਕਿ ਉਨ੍ਹਾਂ ਦੀਆਂ ਅਸਥੀਆਂ ਜਾਪਾਨ ਤੋਂਲਿਆਂਦੀਆਂ ਜਾਣ, ਤਾਂ ਜੋ 73 ਸਾਲ ਤੋਂ ਉਥੇ ਰੱਖੀਆਂ ਅਸਥੀਆਂ ਦਾ ਅੰਤਿਮ ਸੰਸਕਾਰ ਹੋ ਸਕੇ।

# ਕੁੜੀ ਵਿਆਹ ਤੋਂ ਪਹਿਲਾਂ ਪ੍ਰੀਖਿਆ ਦੇਣ ਪੁੱਜੀ, ਲਾੜੇ ਨੂੰ ਇੰਤਜ਼ਾਰ ਕਰਵਾਇਆ

ਔਰੰਗਾਬਾਦ, 11 ਮਾਰਚ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਔਰੰਗਾਬਾਦ ਦੀ 12ਵੀਂ ਜਮਾਤ ਦੀ ਇੱਕ ਵਿਦਿਆਰਥਣ ਨੇ ਪੜ੍ਹਾਈ ਲਈ ਆਪਣੀ ਵਚਨਬੱਧਤਾ ਦੀ ਨਵੀਂ ਮਿਸਾਲ ਪੇਸ਼ ਕੀਤੀ ਹੈ। ਲਾੜਾ ਵਿਆਹ ਸਮਾਗਮ ਵਿੱਚ ਇਸ ਲਾੜੀ ਦਾ ਇੰਤਜ਼ਾਰ ਕਰਦਾ ਰਿਹਾ ਅਤੇ ਲੜਕੀ ਇਕਨਾਮਿਕਸ ਦੀ ਪ੍ਰੀਖਿਆ ਦੇਣ ਗਈ ਹੋਈ ਸੀ।

ਮਿਲੀ ਜਾਣਕਾਰੀ ਅਨੁਸਾਰ ਹਰਸੁਲ ਪਿੰਡ ਦੀ 20 ਸਾਲਾ ਰੇਣੂਕਾ ਪਵਾਰ ਦਾ ਵਿਆਹ ਸ਼ਨੀਵਾਰ ਨੂੰ ਇਕ ਸਮੂਹਕ ਵਿਆਹ ਸਮਾਗਮ ਵਿੱਚ ਸ਼ੰਕਰ ਨਾਲ ਹੋਣਾ ਸੀ। ਉਸੇ ਦਿਨ ਉਸ ਦੀ 12ਵੀਂ ਦੀ ਪ੍ਰੀਖਿਆ ਸੀ। ਰੇਣੂਕਾ ਨੇ ਕਿਹਾ ਕਿ ਉਸ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਵਿਆਹ ਦੀ ਤਾਰੀਕ ਇਸ ਤਰ੍ਹਾਂ ਰੱਖੀ ਜਾਵੇ ਕਿ ਪ੍ਰੀਖਿਆ ਦੀ ਤਾਰੀਕ ਤੋਂ ਵੱਖ ਹੋਵੇ। ਆਪਣੇ ਪਿਤਾ ਦੀ ਮੌਤ ਪਿੱਛੋਂ ਮੁਸ਼ਕਲ ਸਮਾਂ ਕੱਟ ਚੁੱਕੀ ਗਰੀਬ ਪਰਿਵਾਰ ਦੀ ਰੇਣੂਕਾ ਨੇ ਕਿਹਾ ਕਿ ਉਸ ਲਈ ਸਿੱਖਿਆ ਮਹੱਤਵ ਪੂਰਨ ਹੈ ਤੇ ਉਸ ਨੇ ਇਹ ਯਕੀਨੀ ਕਰਨ ਲਈ ਮਿਹਨਤ ਕੀਤੀ ਕਿ ਉਸ ਦੀ ਪੜ੍ਹਾਈ ਨਾ ਛੁੱਟੇ। ਸ਼ਨੀਵਾਰ ਦੁਪਹਿਰ ਕਰੀਬ 2.15 ਵਜੇ ਜਦੋਂ ਉਹ ਵਿਆਹ ਸਥਾਨ ਉੱਤੇ ਪੁੱਜੀ, ਓਥੇ ਤਿੰਨ ਵਿਆਹ ਲਈ ਇਕੱਠੇ ਹੋਏ ਲੋਕਾਂ ਨੇ ਉਸ ਦਾ ਸਵਾਗਤ ਤਾੜੀਆਂ ਵਜਾ ਕੇ ਕੀਤਾ।

# ਸ਼ੋਕ ਸਮਾਚਾਰ

## ਮਾਨ ਸਿੰਘ ਔਲਖ ਨਹੀਂ ਰਹੇ



ਅਸੀ ਬੜੇ ਦੁਖੀ ਹਿਰਦੇ ਨਾਲ ਆਪ ਜੀ ਨੂੰ ਸੂਚਿਤ ਕਰਦੇ ਹਾਂ ਕਿ ਮਾਨ ਸਿੰਘ ਔਲਖ 6 ਮਾਰਚ ਨੂੰ ਸਵਰਗ ਸਿਧਾਰ ਗਏ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 15 ਮਾਰਚ ਨੂੰ ਸਵੇਰੇ 11:00 ਵਜੇ ਤੋਂ ਸ਼ਾਮ 1:00 ਵਜੇ ਤਕ Brampton crematorium, 30 Bramwin Ct, Brampton, ON L6T 5G2 ਵਿਖੇ ਹੋਵੇਗਾ। ਅੰਤਿਮ ਅਰਦਾਸ ਓਂਟਾਰਿਓ ਖ਼ਾਲਸਾ ਦਰਬਾਰ,7080 Dixie road, Mississauga, ON L5S 1B7 (ਡਿਕਸੀ ਤੇ ਡੈਰੀ ਰੋਡ) ਵਿਖੇ 2 ਤੋ 4 ਵਜੇ ਤੱਕ ਹੋਵੇਗੀ।

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

ਗੁਰਜਿੰਦਰ ਸਿੰਘ ਵਿਰਕ: 416-579-8900, ਰਾਜਬੀਰ ਸਿੰਘ ਵਿਰਕ 416-728-7578








**Paramjit Deol** Broker **CELL: 416-993-7378**
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

**Business for Sale**

TORONTO $99,000 — Photo Not Available — 2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋਂ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

TORONTO $140,000 — 1051 Midland Ave : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ ਪਿਜ਼ਾ ਸ਼ਾਪ ਜਿਸ ਦੀ ਆਮਦਨ $15,000/ਮਹੀਨਾ, ਬਹੁਤ ਹੀ ਘੱਟ ਰੈਂਟ ਸਿਰਫ $1,525/ਮਹੀਨਾ, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $69,000 — 256 Brownsline Rd : ਬਹੁਤ ਹੀ ਵਧੀਆ ਚੱਲ ਰਿਹਾ ਵੀਅਤਨਾਮੀ ਤੇ ਥਾਈ ਰੈਸਟੋਰੈਂਟ, ਡੋਂਗ ਜੀਆ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋ, ਬਹੁਤ ਹੀ ਘੱਟ ਰੈਂਟ, $1,800 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $199,000 — Photo Not Available — 8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $159,900 — 2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋ, ਅੱਜ ਹੀ ਕਾਲ ਕਰੋ।

BRAMPTON $240,000 — Photo Not Available — 15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

**House for Sale**

BRANTFORD $525,000 — 118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON $349,000 — 4 Kings Cross Rd : ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 1+1 ਬੈਡਰੂਮ ਅਤੇ 1 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ। ਮਾਡਰਨ ਕਿਚਨ, ਬਰੈਮਲੀ ਸਿਟੀ ਸੈਂਟਰ ਦੇ ਨੇੜੇ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900 — 3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੂਡ ਫਲੌਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000 — 29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜ਼ਰੂਰ ਦੇਖੋ !!

BRAMPTON $910,000 — Photo Not Available — 18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੁਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

*Canadian punjabi post assumes no responsibility for the accuracy of any information shown. Copyright Ppost 2019

# ਨਿਊਜ਼ੀਲੈਂਡ ਦੇ ਸਾਫ ਸੁਥਰੇ ਬੀਚਾਂ ਉਤੇ ਹਿੰਦੂ ਭਗਤਾਂ ਵੱਲੋਂ ਭਗਵਾਨ ਦੀਆਂ ਮੂਰਤੀਆਂ ਦੇ ਜਲਪ੍ਰਵਾਹ ਤੋਂ ਲੋਕ ਔਖੇ

## ਸਮੁੰਦਰ ਕੰਢੇ ਘੁੰਮਣ ਦਾ ਲੁਤਫ ਲੈਣ ਵਾਲੇ ਲੋਕਾਂ ਅਤੇ ਸਮੁੰਦਰੀ ਜੀਵਾਂ ਲਈ ਖਤਰਾ

ਔਕਲੈਂਡ 11 ਮਾਰਚ (ਹਰਜਿੰਦਰ ਸਿੰਘ ਬਸਿਆਲਾ)- ਨਿਊਜ਼ੀਲੈਂਡ ਦੇ ਕਈ ਬੀਚ (ਸਮੁੰਦਰੀ ਕਿਨਾਰੇ) ਵਿਸ਼ਵ ਭਰ ਦੇ ਉਪਰਲੇ 25 ਬੀਚਾਂ ਦੇ ਵਿਚ ਆਉਂਦੇ ਹਨ, ਜਿੱਥੇ ਸਥਾਨਕ ਅਤੇ ਸੈਲਾਨੀ ਲੋਕ ਸਮੁੰਦਰ ਦੀਆਂ ਉਠਦੀਆਂ ਲਹਿਰਾਂ ਦੇ ਨਾਲ ਆਪਣੇ ਮਨ ਦੇ ਵਿਚ ਚਹਿਲ-ਪਹਿਲ ਪੈਦਾ ਕਰਦੇ ਹਨ। ਨਿਊਜ਼ੀਲੈਂਡ ਸਰਕਾਰ ਵੀ ਇਨ੍ਹਾਂ ਬੀਚਾਂ ਦੀ ਸਫਾਈ ਲਈ ਅੰਤਾ ਦਾ ਖਰਚਾ ਕਰਦੀ ਹੈ ਅਤੇ ਲੋਕ ਵੀ ਨਾਲੋ-ਨਾਲ ਸਫਾਈ ਦਾ ਧਿਆਨ ਰੱਖਦੇ ਹਨ। ਨਿਊਜ਼ੀਲੈਂਡ ਇਕ ਬਹੁਕੌਮੀ ਮੁਲਕ ਹੈ ਅਤੇ ਧਾਰਮਿਕ ਅਜ਼ਾਦੀ ਵੀ ਬਰਕਰਾਰ ਰਹਿੰਦੀ ਹੈ, ਪਰ ਲਗਦਾ ਹੈ ਕਿ ਕੁਝ ਭਾਰਤੀ ਲੋਕ ਧਾਰਮਿਕਤਾ ਦੀ ਆੜ ਵਿਚ ਇਸਦਾ ਨਜ਼ਾਇਜ ਫਾਇਦਾ ਚੁੱਕਣ ਲੱਗੇ ਹਨ। ਸਥਾਨਕ ਮੀਡੀਆ ਦੇ ਵਿਚ ਨਸ਼ਰ ਹੋਈਆਂ ਖਬਰਾਂ ਹਨ ਕਿ ਇਥੇ ਦੇ ਕੁਝ ਬੀਚਾਂ ਉਤੇ ਹਿੰਦੂ ਧਰਮ ਦੇ ਲੋਕ ਧਾਰਮਿਕ ਰਸਮਾਂ ਦੇ ਨਾਂਅ ਉਤੇ ਭਗਵਾਨ ਦੇ ਵੱਖ-ਵੱਖ ਰੂਪਾਂ ਵਾਲੀਆਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਜਲ ਪ੍ਰਵਾਹ ਕਰਨ ਲੱਗੇ ਹਨ। ਸਥਾਨਕ ਲੋਕਾਂ ਦੇ ਇਹ ਗੱਲ ਧਿਆਨ ਵਿਚ ਆਈ ਹੋਈ ਹੈ ਅਤੇ ਉਨ੍ਹਾਂ ਨੇ ਇਸ ਨੂੰ ਖਤਰੇ ਦੀ ਘੰਟੀ ਵਾਂਗ ਲਿਆ ਹੈ। ਇਨ੍ਹਾਂ ਰਸਮਾਂ ਦੇ ਨਤੀਜੇ ਨਾਲ ਸਮੁੰਦਰ ਨਾਲ ਅੰਤਾਂ ਦਾ ਪਿਆਰ ਕਰਨ ਵਾਲੇ ਲੋਕਾਂ ਨੂੰ ਸਮੁੰਦਰ ਕੰਢੇ ਘੁੰਮਣ ਵਾਲੇ ਸੈਲਾਨੀਆਂ, ਬੱਚਿਆਂ ਅਤੇ ਸਮੁੰਦਰੀ ਜਾਨਵਰਾਂ ਲਈ ਖਤਰਾ ਦਿਸਣਾ ਸ਼ੁਰੂ ਹੋ ਗਿਆ ਹੈ। ਔਕਲੈਂਡ ਦੇ ਲਾਗੇ ਇਕ ਬੀਚ ਦੀ ਸਫਾਈ ਕਰਦੀ ਔਰਤ ਨੇ ਕਈ ਸਾਲਾਂ ਤੋਂ ਭਗਵਾਨ ਦੀਆਂ


ਔਕਲੈਂਡ ਦੀ ਇਕ ਬੀਚ ਉਤੇ ਜਲਪ੍ਰਵਾਹ ਕੀਤੇ ਗਏ ਦੇਵੀ-ਦੇਵਤਿਆਂ ਦੇ 'ਟੁੱਟੇ ਟੁਕੜਿਆਂ ਕੋਲ ਬੈਠੀ ਸਥਾਨਕ ਔਰਤ।

ਮੂਰਤੀਆਂ ਇਕੱਠੀਆਂ ਕੀਤੀਆਂ ਹਨ। ਜਿਨ੍ਹਾਂ ਵਿਚ ਟੁੱਟੀਆਂ ਹੋਈਆਂ ਮੂਰਤੀਆਂ, ਬਹੁਤ ਤਿਖੇ ਖੁੰਜੇ ਵਾਲੀਆਂ ਮੂਰਤੀਆਂ ਵੀ ਹਨ, ਜਿਵੇਂ ਹਨੂਮਾਨ, ਗਣੇਸ਼, ਸ੍ਰੀ ਰਾਮ, ਸ੍ਰੀ ਲਕਸ਼ਣ, ਸੀਤਾ ਤੇ ਮਾਤਾ ਸ਼ੇਰਾਵਾਲੀ ਆਦਿ। ਈਸਟ ਟਮਾਕੀ ਬਿਦਕਸ ਬੇਅ ਅਤੇ ਮਿਸ਼ਨ ਬੇਅ ਉਤੇ ਅਜਿਹੀ ਪੂਜਾ ਅਤੇ ਮੂਰਤੀ ਜਲਪ੍ਰਵਾਹ ਰਸਮ ਹੋਣੀ ਸ਼ੁਰੂ ਹੋ ਗਈ ਹੈ ਅਤੇ ਵੱਖ-ਵੱਖ ਤਿਉਹਾਰਾਂ ਉਤੇ ਮੂਰਤੀਆਂ ਜਲ ਪ੍ਰਵਾਹ ਕੀਤੀਆਂ ਜਾ ਰਹੀਆਂ ਹਨ। ਔਕਲੈਂਡ ਦੇ ਕਈ ਬੀਚਾਂ ਵਿਚ ਪਹਿਲਾਂ ਹੀ ਪਲਾਸਟਿਕ ਦੇ ਖਾਲੀ ਗਲਾਸਾਂ, ਸਰਿੰਜਾਂ ਅਤੇ ਹੋਰ ਕੂੜੇ ਨੂੰ ਲੈ ਕੇ ਸਫਾਈ ਅਭਿਆਨ ਚਲਦੇ ਰਹਿੰਦੇ ਹਨ ਉਥੇ ਇਹ ਨਵੀਂ ਮੁਸ਼ਕਿਲ ਪੈਦਾ ਕੀਤੀ ਜਾ ਰਹੀ ਹੈ। ਵਿਨਾਇਕਾ ਚਤੁਰਥੀ ਅਤੇ ਗਣੇਸ਼ ਪੂਜਾ ਦੌਰਾਨ ਅਜਿਹੀ ਧਾਰਮਿਕ ਰਸਮ ਬਹੁਤ ਹੁੰਦੀ ਹੈ। ਸਥਾਨਕ ਲੋਕਾਂ ਲਈ ਇਹ ਰਸਮ ਜਾਂ ਧਾਰਮਿਕ ਰੀਤੀ-ਰਿਵਾਜ ਬਹੁਤ ਵੱਡੀ ਚੁਣੌਤੀ ਸਾਬਿਤ ਹੋ ਸਕਦਾ ਹੈ। ਅੱਜਕੱਲ੍ਹ ਇਨ੍ਹਾਂ ਮੂਰਤੀਆਂ ਨੂੰ ਪਲਾਸਟਰ ਆਫ ਪੈਰਿਸ ਅਤੇ ਕਰੜੀ ਕਲੇਅ ਮਿੱਟੀ ਦੇ ਨਾਲ ਬਣਾਇਆ ਜਾਣ ਲੱਗਾ ਹੈ ਜੋ ਕਿ ਪਾਣੀ ਦੇ ਵਿਚ ਨਹੀਂ ਖੁਰਦੀ। ਕਈ ਲੋਕ ਉਸ ਥਾਂ ਉਤੇ ਵੀ ਅਜਿਹੀ ਰਸਮ ਕਰਦੇ ਹਨ ਜਿਥੇ ਉਨ੍ਹਾਂ ਨੂੰ ਕੋਈ ਵੇਖ ਨਾ ਸਕੇ ਜਾਂ ਵੇਲੇ-ਕੁਵੇਲੇ ਅਜਿਹਾ ਕਰਦੇ ਹਨ।

ਰੈਬਿਕਾ ਨਾਂਅ ਦੀ ਇਕ ਔਰਤ ਨੇ ਹੁਣ ਤੱਕ 30 ਦੇ ਕਰੀਬ ਅਜਿਹੀਆਂ ਮੂਰਤੀਆਂ ਦੇ ਅੰਸ਼ ਪ੍ਰਾਪਤ ਕੀਤੇ ਹਨ। ਇਸ ਤੋਂ ਇਲਾਵਾ ਗਮਲੇ, ਧਾਰਮਿਕ ਸੀ.ਡੀਆਂ ਵੀ ਸੁੱਟੀਆਂ ਜਾ ਰਹੀਆਂ ਹਨ। ਔਕਲੈਂਡ ਕੌਂਸਿਲ ਹਿੰਦੂ ਕੌਂਸਿਲ ਦੇ ਨਾਲ ਇਸ ਸਬੰਧੀ ਗੱਲਬਾਤ ਵੀ ਕਰ ਰਹੀ ਹੈ ਤਾਂ ਕਿ ਇਸ ਰਸਮ ਨੂੰ ਕਿਸੇ ਹੋਰ ਤਰੀਕੇ ਨਾਲ ਕਰਨ ਦਾ ਸੋਚਿਆ ਜਾ ਸਕੇ। ਇਸ ਵੇਲੇ ਨਿਊਜ਼ੀਲੈਂਡ ਦੇ ਵਿਚ ਹਿੰਦੂਆਂ ਦੀ ਜਨ ਸੰਖਿਆ ਇਕ ਲੱਖ ਤੋਂ ਉਪਰ ਹੈ। ਸੋ ਨਿਊਜ਼ੀਲੈਂਡ ਰਹਿੰਦੇ ਹਿੰਦੂ ਧਰਮ ਦੇ ਅਨੁਆਈਆਂ ਨੂੰ ਇਸ ਸਬੰਧੀ ਦੂਰ ਅੰਦੇਸ਼ੀ ਤੋਂ ਕੰਮ ਲੈਣਾ ਚਾਹੀਦਾ ਹੈ ਤਾਂ ਕਿ ਪੂਰੇ ਭਾਰਤੀ ਭਾਈਚਾਰੇ ਨੂੰ ਸ਼ੋਸ਼ਲ ਸਾਈਟਾਂ ਉਤੇ ਨਿੰਦਨ ਤੋਂ ਬਚਾਇਆ ਜਾ ਸਕੇ।

# ਅੰਤਰ ਰਾਸ਼ਟਰੀ ਮਹਿਲਾ ਦਿਵਸ ਮੌਕੇ ਬਰਜਿੰਦਰ ਕੌਰ, ਸੁਰਿੰਦਰ ਕੌਰ, ਰਾਜ ਦੁਲਾਰੀ , ਅਮਰ ਕੌਰ ਘੜਿਆਲ ਸਨਮਾਨਿਤ



ਲੁਧਿਆਣਾ, 11 ਮਾਰਚ (ਗਿਆਨ ਸਿੰਘ): ਤਰ ਰਾਸ਼ਟਰੀ ਮਹਿਲਾ ਦਿਵਸ ਤੇ ਅੱਜ ਵਿਧਾਨ ਸਭਾ ਹਲਕਾ ਆਤਮ ਨਗਰ ਵਿਖੇ ਰਾਧਾ ਸੁਆਮੀ ਰੋਡ ਸਥਿਤ ਲੋਕ ਸਭਾਵਾਂ ਦਫਤਰ ਵਿਚ ਮਾਲਵਾ ਸੱਭਿਆਚਾਰਕ ਮੰਚ ਵੱਲੋਂ ਬੀਬੀ ਸਵਰਨ ਕੌਰ ਸੱਗੂ ਦੀ ਪ੍ਰਧਾਨਗੀ ਹੇਠ ਸੈਮੀਨਾਰ ਦਾ ਆਯੋਜਨ ਕੀਤਾ ਗਿਆ । ਇਸ ਸਮਾਰੋਹ ਵਿਚ ਵਿਸ਼ੇਸ਼ ਤੌਰ ਤੇ ਕੌਂਸਲਰ ਬੀਬੀ ਬਰਜਿੰਦਰ ਕੌਰ, ਸੁਰਿੰਦਰ ਕੌਰ, ਰਾਜ ਦੁਲਾਰੀ ਅਤੇ ਮਾਤਾ ਅਮਰ ਕੌਰ ਘੜਿਆਲ ਨੂੰ ਸਨਮਾਨਿਤ ਕੀਤਾ ਗਿਆ। ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਕ੍ਰਿਸ਼ਨ ਕੁਮਾਰ ਬਾਵਾ ਅਤੇ ਕੈਨੇਡਾ ਕਾਂਗਰਸ ਦੇ ਪ੍ਰਧਾਨ ਅਮਰਪ੍ਰੀਤ ਸਿੰਘ ਔਲਖ ਨੇ ਸੰਬੋਧਿਤ ਕਰਦਿਆਂ ਹੋਇਆਂ ਕਿਹਾ ਕਿ ਅੰਤਰ ਰਾਸ਼ਟਰੀ ਮਹਿਲਾ ਦਿਵਸ ਦੀ ਸ਼ੁਰੂਆਤ ਅਮਰੀਕਾ ਤੋਂ ਹੋਈ । ਪਰੰਤੂ ਅੱਜ ਇਹ ਦਿਵਸ ਵਿਸ਼ਵ ਭਰ ਵਿਚ ਮਨਾਇਆ ਜਾਂਦਾ ਹੈ । ਉਹਨਾਂ ਨੇ ਕਿਹਾ ਕਿ ਅੱਜ ਦਾ ਦਿਨ ਮਹਿਲਾ ਜਾਤੀ ਦੇ ਅਧਿਕਾਰਾਂ, ਸਨਮਾਨ ਅਤੇ ਸਮਾਜਿਕ ਸਮਾਨਤਾ ਦਾ ਸੰਦੇਸ਼ ਦਿੰਦਾ ਹੈ । ਉਹਨਾਂ ਨੇ ਕਿਹਾ ਕਿ ਔਰਤਾਂ ਨੂੰ ਲੋਕਲ ਬਾਡੀਜ ਪੰਚਾਇਤ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 50 ਫੀਸਦੀ ਰਿਜ਼ਰਵੇਸ਼ਨ ਦੇ ਕੇ ਸਨਮਾਨ ਭੇਂਟ ਕਰਦਿਆਂ ਹੋਇਆਂ ਆਪਣਾ ਚੋਣਾਂ ਦਾ ਵਾਅਦਾ ਪੂਰਾ ਕੀਤਾ ਹੈ । ਇਸ ਸਮਾਰੋਹ ਵਿਚ ਪੰਜਾਬ ਕਾਂਗਰਸ ਦੇ ਓ.ਬੀ.ਸੀ. ਸੈਲ ਦੇ ਜਨਰਲ ਸਕੱਤਰ ਰੇਸ਼ਮ ਸਿੰਘ ਸੱਗੂ, ਸੁਖਵਿੰਦਰ ਸਿੰਘ ਜਗਦੇਵ ਚੇਅਰਮੈਨ ਏ.ਐਨ.ਸੀ. ਜਸਦੀਪ ਸਿੰਘ ਦੀਪਾ, ਚਰਨਜੀਤ ਕੌਰ ਘੜਿਆਲ, ਗੁਰਮੀਤ ਕੌਰ ਬਲਾਕ ਪ੍ਰਧਾਨ, ਨੀਲਮ ਵਰਮਾ, ਸਿਮਰਜੀਤ ਕੌਰ, ਰੇਣੂ ਬਾਲਾ, ਮੋਨਿਕਾ, ਸੁਖਵਿੰਦਰ ਕੌਰ, ਬੀਬੀ ਜੋਗਿੰਦਰ ਕੌਰ, ਸੀਮਾ ਸੁਖਤਿਆਰ ਕੌਰ, ਨਰਦੀਪ ਕੌਰ, ਮਲਕੀਤ ਕੌਰ, ਰੁਪਿੰਦਰ ਕੌਰ ਰਿੰਕੂ, ਗੁਰਦੀਪ ਸਿੰਘ ਸੱਗੂ, ਜਗਤਾਰ ਸਿੰਘ ਸੇਖੋਂ, ਬਲਜਿੰਦਰ ਸਿੰਘ ਤੂਰ ਆਦਿ ਸ਼ਾਮਲ ਹੋਏ ।

# ਐਨ.ਐਸ ਨੰਦਾ ਲੁਧਿਆਣਾ ਦਾ ਮਾਣ ਐਵਾਰਡ ਨਾਲ ਸਨਮਾਨਿਤ



ਲੁਧਿਆਣਾ, 11 ਮਾਰਚ (ਗਿਆਨ ਸਿੰਘ) ਅੱਜ ਲੁਧਿਆਣਾ ਫਸਟ ਕਲੱਬ ਵੱਲੋਂ ਇੱਕ ਸੰਖੇਪ ਅਤੇ ਸਾਦੇ ਸਮਾਗਮ ਦੌਰਾਨ ਕਿਰਤ ਨੂੰ ਹੀ ਪੂਜਾ ਸਮਝਣ ਵਾਲੇ, ਹੋਟਲਾਂ ਦੇ ਬਿਜਨੈਸ ਵਿੱਚ ਨਾਮਨਾ ਖੱਟਣ ਵਾਲੇ ਸੀਨੀਅਰ ਸਿਟੀਜਨ ਐਨ.ਐਸ ਨੰਦਾ ਨੂੰ ਲੁਧਿਆਣਾ ਦਾ ਮਾਣ (Pride of Ludhiana) ਐਵਾਰਡ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਉਹਨਾਂ ਨੂੰ ਸਨਮਾਨਿਤ ਕਰਨ ਦੀ ਰਸਮ ਕ੍ਰਿਸ਼ਨ ਕੁਮਾਰ ਬਾਵਾ, ਐਚ.ਐਸ ਖੋਖਰ ਰਿਟਾ. ਜੱਜ ਬਿਜਲੀ ਬੋਰਡ, ਡੀ.ਐਸ ਮਲਹੋਤਰਾ, ਐਸ.ਕੇ ਗੁਪਤਾ, ਕਰਨਲ ਐਚ.ਐਸ ਕਾਹਲੋਂ, ਮੇਜਰ ਐਚ.ਐਸ ਭਿੰਡਰ, ਮੇਜਰ ਆਈ.ਐਸ ਸੰਧੂ, ਭੂਸ਼ਨ ਠੁਕਰਾਲ, ਅਸ਼ਵਨੀ ਅਰੋੜਾ, ਮਹਿੰਦਰ ਸਿੰਘ ਈਰੋਜ, ਮੁਕੇਸ਼ ਸੂਦ, ਐਸ.ਐਸ ਬੇਦੀ, ਵਿਨੋਦ ਤਲਵਾੜ, ਟੋਨੀ ਬਾਦਸਾਹ, ਜੋਗਾ ਸਿੰਘ ਬਿਲਡਰ ਨੇ ਅਦਾ ਕੀਤੀ।

ਇਸ ਸਮੇਂ ਬੋਲਦਿਆਂ ਸ਼੍ਰੀ ਬਾਵਾ ਨੇ ਕਿਹਾ ਕਿ ਮੈਂ ਸ਼੍ਰੀ ਨੰਦਾ ਨੂੰ 40 ਸਾਲ ਤੋਂ ਜਾਣਦਾ ਹਾਂ। ਉਹਨਾਂ ਦਾ ਪੰਜਾਬੀਅਤ ਨੂੰ ਪ੍ਰਫੁਲਿਤ ਕਰਨ ਲਈ ਸੱਭਿਆਚਾਰਕ ਖੇਤਰ ਵਿੱਚ ਸੁਚੱਜਾ ਯੋਗਦਾਨ ਹੈ।

# ਸ਼ੋਸ਼ਲ ਮੀਡੀਆ ਅਤੇ ਨਿਆਂਇਕ ਪ੍ਰਣਾਲੀ ਵਿਸ਼ੇ 'ਤੇ ਸੈਮੀਨਾਰ ਕਰਵਾਇਆ

ਮੋਹਾਲੀ, 11 ਮਾਰਚ (ਗਿਆਨ ਸਿੰਘ) ਆਰੀਅਨਜ਼ ਕਾਲੇਜ ਆਫ ਲਾ, ਰਾਜਪੁਰਾ, ਨੇੜੇ ਚੰਡੀਗੜ ਨੇ ਆਪਣੇ ਕੈਂਪਸ ਵਿੱਚ "ਸ਼ੋਸ਼ਲ ਮੀਡਿਆ ਦੇ ਵਧਦੇ ਪ੍ਰਭਾਵ ਅਤੇ ਵਰਤਮਾਨ ਨਿਆਇਕ ਪ੍ਰਣਾਲੀ" ਵਿਸ਼ੇ ਤੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ। ਡਾ ਵਿਜੈ ਨਾਗਪਾਲ, ਪ੍ਰੋਫੈਸਰ, ਲਾ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ ਇਸ ਮੌਕੇ ਮੁੱਖ ਮਹਿਮਾਨ ਸਨ ਜਦ ਕਿ ਡਾ ਭੂਪਿੰਦਰ ਸਿੰਘ, ਪ੍ਰੋਫੈਸਰ, ਲਾ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਗੈਸਟ ਆਫ ਔਨਰ ਸਨ। ਆਰੀਅਨਜ਼ ਗਰੁਪ ਦੇ ਚੇਅਰਮੈਨ, ਡਾ ਅੰਸ਼ੂ ਕਟਾਰੀਆ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ। ਇਸ ਸੈਮੀਨਾਰ ਵਿੱਚ ਐਲਐਲ.ਬੀ ਅਤੇ ਬੀ.ਏ-ਐਲਐਲ.ਬੀ ਦੇ ਵਿਦਿਆਰਥੀਆਂ ਦੇ ਹਿੱਸਾ ਲਿਆ।

ਡਾ ਵਿਜੈ ਨਾਗਪਾਲ ਨੇ ਬੋਲਦੇ ਹੋਏ ਕਿਹਾ ਕਿ ਪੁਲਿਸ ਦੇ ਲਈ, ਸ਼ੋਸ਼ਲ ਮੀਡੀਆ ਨੇ ਪਹੁੰਚ ਪ੍ਰਦਾਨ ਕੀਤੀ ਹੈ। ਫੇਸਬੁਕ ਅਤੇ





ਟਵਿਟਰ ਰਾਹੀਂ ਪੁਲਿਸ ਅਤੇ ਜਨਤਾ ਵਾਸਤਵਿਕ ਸਮੇਂ ਤੇ ਘਟਨਾਵਾਂ ਤੇ ਸੰਵਾਦ ਕਰ ਸਕਦੇ ਹਨ। ਇਹ ਨਾ ਸਿਰਫ ਸੰਕਟ ਦੇ ਸਮੇਂ ਬਲਕਿ ਰੋਜਮਰਾ ਦੇ ਆਧਾਰ ਤੇ ਵੀ ਫਾਇਦੇਮੰਦ ਸਾਬਿਤ ਹੋਇਆ ਹੈ। ਇਸ ਤੋਂ ਇਲਾਵਾ ਆਪਰਾਧਿਕ ਪਰੀਖਣਾ ਦੇ ਸ਼ੋਸ਼ਲ ਮੀਡੀਆ ਪ੍ਰਸਾਰਨ ਨੇ ਆਪਰਾਧਿਕ ਕਾਰਵਾਈ ਵਿੱਚ ਪਾਰਦਰਸ਼ਿਤਾ ਦਾ ਇਕ ਵਖਰਾ ਪੱਧਰ ਜੋੜਿਆ ਹੈ।

ਡਾ ਭੂਪਿੰਦਰ ਸਿੰਘ ਵਿਰਕ ਨੇ ਕਿਹਾ ਕਿ ਸ਼ੋਸ਼ਲ ਮੀਡੀਆ ਤੇ ਕਈ



ਉਪਯੋਗਕਰਤਾਵਾਂ, ਉਚੇਚੇ ਤੋਰ ਤੇ ਯੂਵਾਵਾਂ ਦੇ ਲਈ ਜੋਖਿਮ ਪੈਦਾ ਕਰਨ ਦਾ ਆਰੋਪ ਲਗਾਇਆ ਗਿਆ ਹੈ।

ਆਰੀਅਨਜ਼ ਕਾਲੇਜ ਆੱਫ ਲਾ ਦੇ ਪ੍ਰਿੰਸੀਪਲ, ਡਾ ਹੰਸਰਾਜ ਅਰੋੜਾ ਨੇ ਕਿਹਾ ਕਿ ਪਹਿਲਾ ਇਹ ਸੋਚਿਆ ਜਾਂਦਾ ਸੀ ਕਿ ਲੋਕ ਮੀਡੀਆ ਵਿੱਚ ਜੋ ਦੇਖਦੇ ਹਨ ਜਾਂ ਪੜਦੇ ਹਨ ਉਸ ਨਾਲ ਅਪਰਾਧ ਦੇ ਬਾਰੇ ਆਪਣੀ ਰਾਏ ਬਨਾਦੇ ਹਨ । ਪਰ ਸ਼ੋਸ਼ਲ ਮੀਡੀਆ ਨੂੰ ਸਾਡਾ ਪਸੰਦੀਦਾ ਨਿਉਜ ਸਰੋਤ ਦੇ ਰੂਪ ਵਿੱਚ ਬਨਾਉਣ ਤੋ ਬਾਅਦ ਅਪਰਾਧਾਂ ਦੀ ਸਮਝ ਹੁਣ ਬਦਲ ਗਈ ਹੈ। ਲੋਕ ਵਾਸਤਵਿਕ ਤਥਾਂ ਨੂੰ ਜਾਣੇ ਬਿਨਾ ਵੀ ਸ਼ੋਸ਼ਲ ਮੀਡੀਆ ਦੇ ਟ੍ਰੈਂਡ ਨੂੰ ਫਾਲੋ ਅਤੇ ਸਵੀਕਾਰ ਕਰਦੇ ਹਨ ।

ਆਰੀਅਨਜ਼ ਕਾਲਜ ਆਫ ਲਾ ਦੇ ਵਾਈਸ ਪ੍ਰਿੰਸੀਪਲ, ਸ਼੍ਰੀ ਐਸਪੀ ਵਰਮਾ ਨੇ ਭਵਿੱਖ ਦੇ ਬਾਰੇ ਬੋਲਦੇ ਹੋਏ ਕਿਹਾ ਕਿ ਸ਼ੋਸ਼ਲ ਮੀਡੀਆ ਅਪਰਾਧਿਕ ਨਿਆਏ ਪ੍ਰਣਾਲੀ ਦੇ ਲਈ ਚੁਣੋਤੀਆਂ ਅਤੇ ਮੋਕੇ ਪ੍ਰਦਾਨ ਕਰਦਾ ਰਹੇਗਾ, ਨਾਲ ਹੀ ਨਾਲ ਜਨਤਾ ਦੇ ਵਿਚਾਰ, ਅਪਰਾਧ ਅਤੇ ਉਤਪੀੜਨ ਦੇ ਮੁੱਦੇ ਦੇ ਨਾਲ ਜੁੜਨ ਦੇ ਤਰੀਕੇ ਨੂੰ ਵੀ ਬਦਲਦਾ ਰਹੇਗਾ। ਅਪਰਾਧ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਦੇ ਸੰਬੰਧ ਵਿਚ ਇਸਦੇ ਲਾਭਾਂ ਨੂੰ ਪੂੰਜੀਕਰਨ ਕਰਨਾ, ਅਤੇ ਇਸਦੇ ਨਿਗਾਤਮਿਕ ਪ੍ਰਭਾਵਾਂ ਨੂੰ ਰੋਕਣਾ ਜਾਂ ਘੱਟ ਕਰਨ ਦੀ ਲੋੜ ਹੈ।

# ਚੌਥਾ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ ਸਨਮਾਨ ਸਮਾਗਮ ਆਯੋਜਿਤ

## ਜੋਗਿੰਦਰ ਸਿੰਘ ਪਾਂਧੀ, ਮੁਖਤਾਰ ਗਿੱਲ, ਕੇ.ਐਲ.ਗਰਗ ਅਤੇ ਸਤਿੰਦਰ ਸਿੰਘ ਨੰਦਾ ਸਨਮਾਨਿਤ

ਮੋਗਾ, 11 ਮਾਰਚ (ਗਿਆਨ ਸਿੰਘ) ਅਦਾਰਾ 'ਕਲਾਕਾਰ' ਅਤੇ 'ਕੌਮਾਂਤਰੀ ਕਲਾਕਾਰ ਸੰਗਮ' ਵਲੋਂ ਪੰਜਾਬੀ ਹਾਸ-ਵਿਅੰਗ ਅਕਾਦਮੀ ਪੰਜਾਬ ਦੇ ਸਹਿਯੋਗ ਨਾਲ ਐਸ.ਡੀ.ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੋਗਾ ਵਿਖੇ 'ਚੌਥਾ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ ਸਨਮਾਨ ਸਮਾਗਮ'ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਡਾ.ਸੁਰਜੀਤ ਪਾਤਰ, ਚੇਅਰਮੈਂਨ, ਪੰਜਾਬ ਕਲਾ ਪ੍ਰੀਸ਼ਦ,ਚੰਡੀਗੜ੍ਹ ਸਨ ਤੇ ਪ੍ਰਧਾਨਗੀ ਪ੍ਰੋ.ਰਵਿੰਦਰ ਭੱਠਲ,ਪ੍ਰਧਾਨ,ਪੰਜਾਬੀ ਸਾਹਿਤ ਅਕਾਦਮੀ,ਲੁਧਿਆਣਾ ਨੇ ਕੀਤੀ, ਪ੍ਰਧਾਨਗੀ ਮੰਡਲ ਵਿਚ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਪਰਮਜੀਤ



ਮਾਨ ਚੇਅਰਮੈਂਨ, ਡਾ ਜੋਗਿੰਦਰ ਸਿੰਘ ਨਿਰਾਲਾ ਪ੍ਰਧਾਨ ਅਤੇ ਡਾ.ਸੁਰਜੀਤ ਬਰਾੜ ਮੀਤ ਪ੍ਰਧਾਨ,ਕੌਮਾਂਤਰੀ ਕਲਾਕਾਰ ਸੰਗਮ,ਕੰਵਰਜੀਤ ਭੱਠਲ ਕਨਵੀਨਰ, ਭੱਠਲ ਪੁਰਸਕਾਰ ਬੋਰਡ ਅਤੇ ਸੰਪਾਦਕ 'ਕਲਾਕਾਰ' ਸਾਮਲ ਹੋਏ।

ਇਸ ਮੌਕੇ ਕਰਨਲ ਨਰਾਇਨ ਸਿੰਘ ਭੱਠਲ ਯਾਦਗਾਰੀ ਸਾਹਿਤਕ ਐਵਾਰਡ ਨਾਲ ਚਾਰ ਸ਼ਕਸੀਅਤਾਂ ਉਘੇ ਸ਼ਾਇਰ ਜੋਗਿੰਦਰ ਸਿੰਘ ਪਾਂਧੀ (ਜੰਮੂ ਕਸ਼ਮੀਰ), ਕਹਾਣੀਕਾਰ ਮੁਖਤਾਰ ਗਿੱਲ, ਸਰਬਾਂਗੀ ਲੇਖਕ ਕੇ.ਐਲ.ਗਰਗ ਅਤੇ ਨਾਟਕਕਾਰ ਸਤਿੰਦਰ ਸਿੰਘ ਨੰਦਾ ਨੂੰ 21-21 ਹਜਾਰ ਰੁਪੈ ਨਕਦ,ਦੋਸ਼ਾਲਾ ਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਕਲਾਕਾਰ ਸਾਹਿਤਕ' ਦਾ 124ਵਾਂ ਅੰਕ ਅਤੇ ਪਰਮਜੀਤ ਮਾਨ ਦਾ ਕਹਾਣੀ ਸੰਗ੍ਰਿਹ ਰਲੀਜ ਕੀਤਾ ਗਿਆ।

ਸਨਮਾਨਿਤ ਸਾਹਿਤਕਾਰਾਂ ਨੇ ਜੋਗਿੰਦਰ ਸਿੰਘ ਪਾਂਧੀ, ਮੁਖਤਾਰ ਗਿੱਲ, ਕੇ.ਐਲ.ਗਰਗ ਅਤੇ ਸਤਿੰਦਰ ਸਿੰਘ ਨੰਦਾ ਨੇ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਉਨ੍ਹਾਂ ਦੀ ਕਲਮ ਨੂੰ ਹੋਰ ਤਾਕਤ ਮਿਲੇਗੀ ਤੇ ਨਵੇਂ ਲੇਖਕਾਂ ਦੀ ਲਿਖਣ ਰੁਚੀ ਵਧੇਗੀ। ਉਨ੍ਹਾਂ ਕਿਹਾ ਕਿ ਲੇਖਕ ਇਨਾਮਾਂ ਲਈ ਨਹੀਂ ਲਿਖਦਾ ਸਗੋਂ ਸਮਾਜਿਕ ਹਾਲਾਤਾਂ ਨੂੰ ਵੇਖਦਿਆ ਆਵਾਜ਼ ਨੂੰ ਕਲਮਬੰਦ ਕਰਦਾ ਹੈ। ਉਨ੍ਹਾ ਕਿਹਾ ਕਿ ਸਰਕਾਰੀ ਤੌਰ ਤੇ ਸਨਮਾਨ ਵਿਚ ਪੱਖਪਾਤ ਕੀਤਾ ਜਾਂਦਾ ਹੈ ਜਦ ਕਿ ਅਜਿਹੇ ਅਦਾਰਿਆਂ ਵਲੋਂ ਸ਼ੁਰੂ ਕੀਤੇ ਐਵਾਰਡ ਸਹੀ ਲੋਕਾਂ ਨੂੰ ਮਿਲਦੇ ਹਨ ਜਿਸ ਨਾਲ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੁੰਦੀ ਹੈ।

ਡਾ. ਸੁਰਜੀਤ ਪਾਤਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਬਦ ਮਹਾਨ ਹੈ ਸਾਡੀ ਬੋਲਬਾਣੀ ਦਾ ਪ੍ਰਭਾਵ ਸਮਾਜ ਤੇ ਪੈਂਦਾ ਹੈ।ਉਨ੍ਹਾਂ ਕਿਹਾ ਸਕਸ਼ੀਅਤ ਦਾ ਵਿਕਾਸ ਘਰ ਤੋਂ ਆਰੰਭ ਹੁੰਦਾ ਹੈ,ਬੱਚਿਆਂ ਸਾਹਮਣੇ ਉਸਾਰੂ ਸੋਚ ਵਾਲੀ ਗਲਬਾਤ ਕਰਨੀ ਚਾਹੀਦੀ ਹੈ।ਉਨ੍ਹਾ ਕਿਹਾ ਗੁਰਬਾਣੀ ਵਿਚ ਵੀ ਸ਼ਬਦ ਦੀ ਮਹਾਨਤਾ ਨੂੰ ਬਿਆਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਸ਼ਬਦ ਰਾਂਹੀ ਬ੍ਰਹਿਮੰਡ ਦੀ ਆਰਤੀ 'ਗਗਨ ਮੈ ਥਾਲ' ਦੇ ਰੂਪ ਵਿਚ ਉਚਾਰਨ ਕਰਨਾ ਸ਼ਬਦ ਦੀ ਕਰਾਮਾਤ ਸੀ। ਉਨ੍ਹਾਂ ਕਿਹਾਕਿ ਪੱਥਰ ਪਾਣੀ ਤੇ ਲੀਕ ਨਹੀਂ ਪਾ ਸਕਦਾ ਸਗੋਂ ਪਾਣੀ ਪੱਥਰਾਂ ਨੂੰ ਖੋਰ ਦਿੰਦਾ ਹੈ, ਇਸੇ ਤਰ੍ਹਾਂ ਸਾਹਿਤਕਾਰ ਵੀ ਆਪਣੀਆਂ ਰਚਨਾਵਾਂ ਰਾਂਹੀ ਸਮਾਜ ਵਿਚ ਮਨੁੱਖਤਾ ਨੂੰ ਇਨਸਾਨੀਅਤ, ਮੁਹੱਬਤ, ਭਾਈਚਾਰੇ ਦਾ ਪਾਠ ਪੜਾ ਕੇ ਨਫਰਤ ਦੂਰ ਕਰਨ ਦੀ ਕੋਸ਼ਿਸ ਕਰਦੇ ਹਨ ਜਦੋਂ ਕਿ ਸਿਆਸਤਦਾਨਾਂ ਦੀ ਬੋਲਬਾਣੀ ਵਿਚ ਕੁੜੱਤਣ ਵੇਖਣ ਨੂੰ ਮਿਲਦੀ ਹੈ। ਉਨ੍ਹਾਂ ਸਾਹਿਤਕਾਰਾਂ ਦੇ ਸਨਮਾਨ ਵਿਚ ਸਮਾਗਮ ਕਰਨ ਲਈ ਅਦਾਰੇ ਨੂੰ ਅਤੇ ਇਨਾਮ ਜੇਤੂਆਂ ਨੂੰ ਵਧਾਈ ਦਿੱਤੀ। ਪ੍ਰੋ.ਰਵਿੰਦਰ ਭੱਠਲ, ਬਲਦੇਵ ਸਿੰਘ ਸੜਕਨਾਮਾ, ਪਰਮਜੀਤ ਮਾਨ, ਡਾ.ਜੋਗਿੰਦਰ ਸਿੰਘ ਨਿਰਾਲਾ ਅਤੇ ਡਾ.ਸੁਰਜੀਤ ਬਰਾੜ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਕੰਵਰਜੀਤ ਭੱਠਲ ਨੇ ਕਿਹਾ ਕਿ 2015 ਤੋਂ ਸੁਰੂ ਕੀਤੇ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ ਸਨਮਾਨ ਪਿਛਲੇ ਤਿੰਨ ਸਾਲਾਂ ਵਿਚ ਪਟਿਆਲਾ ਤੇ ਚੰਡੀਗੜ੍ਹ ਵਿਖੇ ਸ਼ਾਇਰ ਜਸਵੰਤ ਜ਼ਫ਼ਰ, ਡਾ.ਗੁਰਮਿੰਦਰ ਸਿੱਧੂ ਅਤੇ ਧਰਮ ਕੰਮੇਆਣਾ, ਕਹਾਣੀਕਾਰ ਅਤਰਜੀਤ, ਮੁਖਤਿਆਰ ਸਿੰਘ ਅਤੇ ਪ੍ਰੇਮ ਗੋਰਖੀ, ਪੱਤਰਕਾਰ ਚਰਨਜੀਤ ਭੁਲਰ, ਬਲਬੀਰ ਪਰਵਾਨਾ ਤੇ ਸੁਰਿੰਦਰ ਸਿੰਘ ਤੇਜ ਅਤੇ ਆਲੋਚਕ ਦਾ ਪੁਰਸਕਾਰ ਡਾ.ਸੁਰਜੀਤ ਬਰਾੜ, ਬ੍ਰਹਮਜਗਦੀਸ ਅਤੇ ਡਾ.ਸੁਖਦੇਵ ਸਿੰਘ ਨੂੰ ਦਿੱਤਾ ਗਿਆ। ਇਸ ਵਾਰ ਚੌਥਾ ਸਮਾਗਮ ਮੋਗਾ ਵਿਖੇ ਕੀਤਾ ਗਿਆ। ਉਨ੍ਹਾਂ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਇਹ ਐਵਾਰਡ ਆਪਣੇ ਦਾਦਾ ਜੀ ਦੀ ਯਾਦ ਵਿਚ ਸਾਹਿਤਕਾਰਾਂ ਦਾ ਹੌਸਲਾ ਵਧਾਉਣ ਲਈ ਸੁਰੂ ਕੀਤਾ ਹੈ।

ਇਸ ਮੌਕੇ ਤੇ ਹੋਏ ਕਵੀ ਦਰਬਾਰ ਵਿਚ ਜੋਗਿੰਦਰ ਸਿੰਘ ਪਾਂਧੀ, ਰਾਮ ਸਰੂਪ ਸ਼ਰਮਾ,ਵਰਿੰਦਰ ਕੌੜਾ, ਡਾ. ਸੁਰਿੰਦਰ ਭੱਠਲ,ਚਰਨੀ ਬੇਦਿਲ, ਡਾ.ਸੁਰਜੀਤ ਖੁਰਮਾ, ਤੇਜਿੰਦਰ ਚੰਡੋਕ, ਡਾ.ਸੁਰਜੀਤ ਬਰਾੜ,ਅਮਰ ਸੂਫੀ,ਵਰਿੰਦਰ ਕੌੜਾ,ਗੁਰਦੇਵ ਦਰਦੀ,ਅਮਰਜੀਤ ਜੀਰਾ,ਚਰਨਜੀਤ ਸਮਾਲਸਰ ਆਦਿ ਨੇ ਆਪਣੀਆਂ ਰਚਨਾਵਾਂ ਪੇਸ ਕੀਤੀਆਂ। ਇਸ ਮੌਕੇ ਡਾ. ਹਰਨੇਕ ਸਿੰਘ ਢੋਟ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ, ਸੁਰਜੀਤ ਸਿੰਘ ਕਾਉਂਕੇ, ਸੀ.ਮਾਰਕੰਡਾ,ਹਰਨੇਕ ਸਿੰਘ ਰੋਡੇ,ਗੁਰਮੀਤ ਕੜਿਆਲਵੀ,ਸ੍ਰੀਮਤੀ ਬੇਅੰਤ ਕੌਰ ਗਿੱਲ, ਜੰਗੀਰ ਖੋਖਰ,ਗਿਆਨ ਸਿੰਘ ਸਾਬਕਾ ਡੀ ਪੀ ਆਰ ਓ,ਅਮਰ ਘੋਲੀਆ ਆਦਿ ਸਾਮਲ ਸਨ । ਮੰਚ ਦਾ ਸੰਚਾਲਨ ਮੈਡਮ ਤਰਸਪਾਲ ਕੌਰ ਨੇ ਬਾਖੂਬੀ ਨਿਭਾਇਆ।ਅਜ ਦਾ ਇਹ ਸਮਾਗਮ ਬਹੁਤ ਹੀ ਪ੍ਰਭਾਵਸਾਲੀ ਰਿਹਾ ਜੋ ਨਵੇਂ ਲੇਖਿਕਾਂ ਨੂੰ ਸਾਹਿਤ ਪ੍ਰੇਰਿਤ ਕਰੇਗਾ।

Jobs Jobs Jobs

Window Assemblers & Line workers
Machine Operators Needed

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- Basic Knowledge of English Needed
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
- Manufacturing Experience Must

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.477.3344 (Neha)
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

Chartered Professional Accountant
Rajwinder Johal
PROFESSIONAL CORPORATION

TAX SEASON!!!
For all your Accounting and Tax needs call 416 823 2556

Services offered:
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. *QuickBooks online will be used, which provides you with an access to you books from anywhere the world.*

Please contact me today for more information!
Or visit my website: www.rjohalcpa.ca or Call (416) 823 2556.



# ਸੰਪਾਦਕੀ

## ਅੰਤਰਰਾਸ਼ਟਰੀ ਭਾਈਚਾਰੇ ਨਾਲ ਬਰੈਂਪਟਨ ਸ਼ਹਿਰ ਲਈ ਦੁਖਦਾਈ ਘੜੀਆਂ

10 ਮਾਰਚ ਨੂੰ ਈਥੋਪੀਆ ਏਅਰਲਾਈਨਜ਼ ਦੀ ਫਲਾਈਟ 302 ਦੇ ਹਾਦਸੇ ਵਿੱਚ ਹੋਈਆਂ 157 ਮੌਤਾਂ ਨੇ ਵਿਸ਼ਵ ਭਰ ਵਿੱਚ ਸ਼ੋਕ ਦਾ ਸੰਦੇਸ਼ ਫੈਲਾ ਦਿੱਤਾ ਹੈ। ਹਵਾਈ ਹਾਦਸੇ ਅਕਸਰ ਅੰਤਰਰਾਸ਼ਟਰੀ ਪੱਧਰ ਦੀ ਖਬਰ ਬਣਿਆ ਕਰਦੇ ਹਨ ਕਿਉਂਕਿ ਹਵਾਈ ਯਾਤਰਾ ਦਾ ਮਨੁੱਖ ਦੀ ਉਸ ਮਨੋਦਸ਼ਾ ਨਾਲ ਜੁੜਿਆ ਹੈ ਜੋ ਉੱਚਾ ਉੱਡਣ ਦਾ ਸੰਕਲਪ ਰੱਖਦੀ ਹੈ। ਈਥੋਪੀਅਨ ਏਅਰਲਾਈਨਜ਼ ਨੂੰ ਹੋਇਆ ਹਾਦਸਾ ਇਸ ਲਈ ਅੰਤਰਰਾਸ਼ਟਰੀ ਪੱਧਰ ਉੱਤੇ ਚਰਚਿਤ ਹੋਇਆ ਹੈ ਕਿਉਂਕਿ ਮਰਨ ਵਾਲੇ 157 ਵਿਅਕਤੀ 35 ਮੁਲਕਾਂ ਨਾਲ ਸਬੰਧਿਤ ਰੱਖਦੇ ਹਨ। ਇੱਕਲੇ ਕੈਨੇਡਾ ਦੇ 18 ਨਿਵਾਸੀ ਇਸ ਹਾਦਸੇ ਵਿੱਚ ਜਾਨਾਂ ਖੋਹ ਬੈਠੇ ਹਨ। ਪਰ ਜੇ ਇਸ ਦੁਖਾਂਤ ਨੂੰ ਸਥਾਨਕ ਲੈਂਜ਼ ਵਿੱਚੋਂ ਵੇਖਿਆ ਜਾਵੇ ਤਾਂ ਕੈਨੇਡਾ ਵਿੱਚ ਸੱਭ ਤੋਂ ਵੱਡਾ ਮਨੁੱਖੀ ਨੁਕਸਾਨ ਬਰੈਂਪਟਨ ਦਾ ਹੋਇਆ ਹੈ ਜਿਸਦੇ 6 ਵਸਨੀਕ ਮਾਰੇ ਗਏ ਹਨ।

ਕਿਸੇ ਵੀ ਸ਼ਹਿਰ ਦੇ 6 ਵਿਅਕਤੀਆਂ ਦੀ ਅਚਾਨਕ ਮੌਤ ਹੋ ਜਾਣਾ ਸਚਮੁੱਚ ਦੁਖਦ ਘਟਨਾ ਹੈ। ਭਾਰਤ ਮੂਲ ਦੇ 45 ਸਾਲਾ ਪ੍ਰੇਰਿਤ ਦੀਕਸ਼ਿਤ, ਉਸਦੀ 37 ਸਾਲਾ ਪਤਨੀ ਕੋਸ਼ਾ ਵੈਦਿਆ, ਦੋ ਬੱਚੀਆਂ ਅਨੁਸ਼ਕਾ ਦੀਕਸ਼ਿਤ, ਆਸ਼ਾ ਦੀਕਸ਼ਿਤ ਅਤੇ ਕੋਸ਼ਾ ਵੈਦਿਆ ਦੇ ਮਾਪੇ 73 ਸਾਲਾ ਪੰਨਗੇਸ਼ ਵੈਦਿਆ ਅਤੇ 67 ਸਾਲਾ ਹੰਸਿਨੀ ਵੈਦਿਆ ਇਸ ਦੁਖਾਂਤ ਦਾ ਸ਼ਿਕਾਰ ਹੋਏ ਹਨ। ਬਰੈਂਪਟਨ ਮੇਅਰ ਪੈਟਰਿਕ ਬਰਾਊਨ ਨੇ ਇੱਕ ਬਿਆਨ ਜਾਰੀ ਕਰਕੇ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ ਹੈ ਜੋ ਸਹੀ ਵੀ ਹੈ ਪਰ ਸਹੀ ਨਹੀਂ ਵੀ। ਵੇਖਿਆ ਜਾਵੇ ਤਾਂ ਇਹ ਨੁਕਸਾਨ ਮਹਿਜ਼ ਪਰਿਵਾਰ ਦਾ ਨਹੀਂ (ਪਰਿਵਾਰ ਦੇ ਤਾਂ ਸਾਰੇ ਮੈਂਬਰ ਮੌਤ ਦਾ ਸ਼ਿਕਾਰ ਹੀ ਹੋ ਚੁੱਕੇ ਹਨ) ਸਗੋਂ ਸਮੁੱਚੇ ਸ਼ਹਿਰ ਦਾ ਹੈ। ਇੱਕ 2 ਵਿਅਕਤੀ ਜੁੜ ਕੇ ਸਮੁੱਚਾ ਸ਼ਹਿਰ ਬਣਦਾ ਹੈ ਅਤੇ ਕਿਸੇ ਗੈਰਕੁਦਰਤੀ ਮੌਤ ਦਾ ਸ਼ਿਕਾਰ ਹੋਣ ਵਾਲੇ ਹਰ ਵਿਅਕਤੀ ਦਾ ਸਾਥ ਦੇਣਾ ਸਿਟੀ ਦੇ ਮੇਅਰ ਸਮੇਤ ਹਰ ਸ਼ਹਿਰੀ ਦਾ ਫਰਜ਼ ਬਣਦਾ ਹੈ। ਇਹੋ ਜਿਹੇ ਮੌਕੇ ਰਸਮੀ ਸ਼ਬਦਾਵਲੀ ਵਾਲੇ ਸੰਦੇਸ ਤੋਂ ਕਿਤੇ ਵੱਧ ਸਗੋਂ ਮਨੁੱਖੀ ਭਾਵਨਾ ਵਿੱਚ ਲਬਰੇਜ਼ ਹੋਣੇ ਚਾਹੀਦੇ ਹਨ।

ਇਸ ਲੜੀ ਵਿੱਚ ਪੀਲ ਡਿਸਟ੍ਰਿਕਟ ਬੋਰਡ ਦੀ ਗੱਲ ਕਰਨੀ ਬਣਦੀ ਹੈ। ਦੀਕਸ਼ਿਤ ਪਰਿਵਾਰ ਦੀਆਂ ਦੋਵੇਂ ਬੱਚੀਆਂ ਅਨੁਸ਼ਕਾ ਅਤੇ ਆਸ਼ਾ ਚਿੰਗੁਜ਼ੀ ਸੈਕੰਡਰੀ ਸਕੂਲ ਅਤੇ ਸੈਂਟੇਨੀਅਲ ਸੀਨੀਅਰ ਪਬਲਿਕ ਸਕੂਲ ਹੇਠ ਪੈਂਦੇ ਸਕੂਲਾਂ ਵਿੱਚ ਪੜਦੀਆਂ ਸਨ। ਸਕੂਲ ਬੋਰਡ ਦੇ ਫੇਸਬੁੱਕ ਪੇਜ ਉੱਤੇ ਸੈਂਕੜੇ ਮਾਪਿਆਂ ਅਤੇ ਬੱਚਿਆਂ ਨੇ ਅਫਸੋਸ ਜ਼ਾਹਰ ਕੀਤਾ ਹੈ। ਸਕੂਲ ਦੀ ਪ੍ਰਿੰਸੀਪਲ ਨੇ ਇੱਕ ਪੱਤਰ ਰਾਹੀਂ ਸਮੂਹ ਮਾਪਿਆਂ ਨੂੰ ਦੁੱਖ ਦੇ ਇਜ਼ਹਾਰ ਦੇ ਨਾਲ 2 ਮਾਪਿਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਬੱਚਿਆਂ ਦੇ ਮਨ ਉੱਤੇ ਪੈਣ ਵਾਲੇ ਅਸਰ ਨੂੰ ਘੱਟ ਕਰਨ ਪ੍ਰਤੀ ਗੰਭੀਰ ਰਹਿਣ। ਆਮ ਹੁੰਦਾ ਹੈ ਕਿ ਅਸੀਂ ਮੌਤ ਵਰਗੇ ਗੰਭੀਰ ਮੁੱਦੇ ਉੱਤੇ ਵੀ ਕਮਿਉਨਿਟੀ ਦੇ ਆਧਾਰ ਉੱਤੇ ਵੰਡ ਕੇ ਗੱਲ ਕਰਦੇ ਹਾਂ ਜਦੋਂ ਕਿ ਬੱਚੇ ਹਰ ਕਿਸਮ ਦੀ ਸੌੜੀ ਸੋਚ ਤੋਂ ਉੱਪਰ ਉੱਠ ਕੇ ਭਾਵਨਾਵਾਂ ਦੇ ਸਮੁੰਦਰ ਵਿੱਚ ਡੁੱਬ ਜਾਂਦੇ ਹਨ।

ਜ਼ਿਆਦਾਤਰ ਬੱਚੇ ਆਪਣੇ ਸਦਮੇ ਨੂੰ ਮਾਪਿਆਂ ਨਾਲ ਇਸ ਲਈ ਸਾਂਝਾ ਨਹੀਂ ਕਰਦੇ ਕਿਉਂਕਿ ਉਹ ਭਾਂਪ ਜਾਂਦੇ ਹਨ ਕਿ ਪਰਿਵਾਰ ਵਿੱਚ ਸੰਵੇਦਨਸ਼ੀਲਤਾ ਨਹੀਂ ਪਾਈ ਜਾ ਰਹੀ। ਸਾਡਾ ਮੰਨਣਾ ਹੈਕਿ ਲੋੜ ਪੈਣ ਉੱਤੇ ਸੰਕਟ-ਕਾਲੀਨ ਕਾਉਂਸਲਿੰਗ ਸੇਵਾਵਾਂ ਹਾਸਲ ਕਰਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਇਸ ਵਿੱਚ ਪੀਲ ਕ੍ਰਾਸਿਸ ਰੀਸਪੌਂਸ (Peel Crisis Response – 7 days a week – 416-410-8615), ਕਿਡਜ਼ ਹੈਲਪ ਲਾਈਨ (Kids Help Phone – 7 days a week – 1-800-668-6868), ਡਿਸਟ੍ਰੈਸ ਲਾਈਨ ਆਫ ਪੀਲ (Distress Line of Peel – 7 days a week – 905-278-7208) , ਕੈਨੇਡੀਅਨ ਮੈਂਟਲ ਹੈਲਥ ਐਸੋਸੀਏਸ਼ਨ (Canadian Mental Health Association for 16 and older – 905-278-9036) , ਪੀਲ ਚਿਲਡਰਨ ਸੈਂਟਰ (Peel Children's Centre (Monday to Friday) – 905-451-4655) ਅਤੇ ਟੇਂਜਰੀਨ ਵਾਕ ਇਨ ਕਾਉਂਸਲਿੰਗ (Tangerine Walk-In Counselling (Tuesday to Thursday from 9 a.m. to 8 p.m.) – www.tangerinewalkin.com) ਸ਼ਾਮਲ ਹਨ। ਇਹਨਾਂ ਸ੍ਰੋਤਾਂ ਨੂੰ ਵੈਸੇ ਵੀ ਲੋੜ ਵੇਲੇ ਵਰਤਣ ਵਾਸਤੇ ਮਾਪੇ ਸੰਭਾਲ ਕੇ ਰੱਖ ਸਕਦੇ ਹਨ।

ਬੇਸ਼ੱਕ ਸੰਸਾਰ ਭਰ ਦੀ ਏਅਰਲਾਈਨਜ਼ ਇੰਡਸਟਰੀ ਵਿੱਚ ਬੋਇੰਗ ਜਹਾਜ਼ 737 ਦੇ ਉਡਾਣ ਭਰਨ ਉੱਤੇ ਪਾਬੰਦੀ ਲਾਏ ਜਾਣ ਦੀ ਗੱਲ ਚੱਲ ਰਹੀ ਹੈ। ਅਮਰੀਕਾ ਅਤੇ ਕੈਨੇਡਾ ਵੱਲੋਂ ਇਸ ਬਾਬਤ ਹਾਲੇ ਕੋਈ ਹਾਮੀ ਨਹੀਂ ਭਰੀ ਜਾ ਰਹੀ। ਇਹ ਮਸਲੇ ਕਾਰਪੋਰੇਟ ਪੱਧਰ ਦੇ ਹਨ ਜਿਹਨਾਂ ਬਾਰੇ ਫੈਸਲੇ ਕਈ ਪਰਤਾਂ ਦੇ ਉੱਤਰਨ ਤੋਂ ਬਾਅਦ ਹੋਇਆ ਕਰਦੇ ਹਨ। ਪਰ ਸਾਡਾ ਨੁਕਤਾ ਹੈ ਕਿ ਬਰੈਂਪਟਨ ਵਰਗੀ ਸਥਾਨਕ ਕਮਿਉਨਿਟੀ ਨੂੰ ਆਪਣੇ ਹਮਸਾਇਆਂ ਦੇ ਚਲੇ ਜਾਣ ਦੇ ਅਫਸੋਸ ਵਿੱਚ ਇੱਕ ਹੋ ਜਾਣਾ ਜਰੂਰੀ ਹੈ ਨਾ ਕਿ ਮਹਿਜ਼ ਪਰਿਵਾਰ ਲਈ ਅਫਸੋਸ ਦਾ ਸੁਨੇਹਾ ਦੇ ਕੇ ਕੰਮ ਖਤਮ ਹੋ ਜਾਣਾ ਚਾਹੀਦਾ ਹੈ।

## ਜਗਮੀਤ ਸਿੰਘ ਨੇ ਅਲੈਗਜ਼ੈਂਡਰ ਬੁਲੇਰਾਈਸ ਨੂੰ ਨਿਯੁਕਤ ਕੀਤਾ ਡਿਪਟੀ ਲੀਡਰ

...ਪੰਨਾ 1 ਦਾ ਬਾਕੀ

ਇਸ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਅਲੈਗਜ਼ੈਂਡਰ ਕਿਊਬਿਕ ਵਿੱਚ ਪਾਰਟੀ ਦਾ ਆਧਾਰ ਮਜ਼ਬੂਤ ਕਰਨਗੇ।

ਸਾਬਕਾ ਯੂਨੀਅਨ ਸਲਾਹਕਾਰ ਪ੍ਰੋਵਿੰਸ ਵਿੱਚ ਨਵੇਂ ਉਮੀਦਵਾਰ ਰਕਰੂਟ ਕਰਨ ਤੇ ਪਾਰਟੀ ਨੂੰ ਮੁੜ ਕਿਊਬਿਕ ਵਾਸੀਆਂ ਨਾਲ ਜੋੜਨ ਲਈ ਜ਼ਿੰਮੇਵਾਰ ਹੋਣਗੇ। ਮਾਂਟਰੀਅਲ ਦੇ ਪੂਰਬੀ ਹਿੱਸੇ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਮੀਤ ਸਿੰਘ ਨੇ ਇਹ ਐਲਾਨ ਕੀਤਾ। ਚੋਣ ਸਰਵੇਖਣਾਂ ਵਿੱਚ ਪ੍ਰੋਵਿੰਸ ਵਿੱਚ ਐਨਡੀਪੀ ਨੂੰ ਚੌਥਾ ਸਥਾਨ ਮਿਲ ਰਿਹਾ ਹੈ ਤੇ ਕਿਊਬਿਕ ਤੋਂ ਉੱਘੇ ਐਨਡੀਪੀ ਐਮਪੀਜ਼ ਟੌਮ ਮਲਕੇਅਰ, ਹੈਲੇਨੇ ਲੈਵਰਡਿਏਰੇ ਤੇ ਰੋਮੀਓ ਸੈਗਨੈਸ ਅਕਤੂਬਰ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਵਿੱਚ ਹਿੱਸਾ ਨਹੀਂ ਲੈ ਰਹੇ।

ਬੁਲੇਰਾਈਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸਮੇਂ ਕਿਊਬਿਕ ਵਿੱਚ ਪਾਰਟੀ ਦਾ ਜਿਹੜਾ ਮੁਕਾਮ ਹੋਣਾ ਚਾਹੀਦਾ ਸੀ ਉਹ ਅਸੀਂ ਹਾਸਲ ਨਹੀਂ ਕਰ ਸਕੇ ਹਾਂ। ਕਿਊਬਿਕ ਵਿੱਚ 15 ਸੀਟਾਂ ਪਾਰਟੀ ਕੋਲ ਹਨ ਤੇ 2011 ਦੀਆਂ ਚੋਣਾਂ ਵਿੱਚ ਹਾਸਲ ਕੀਤੇ ਬਹੁਮਤ ਨਾਲੋਂ ਪਾਰਟੀ ਇਸ ਵਾਰੀ ਕਾਫੀ ਪਿੱਛੇ ਹੈ।

ਜਗਮੀਤ ਸਿੰਘ ਨੇ ਆਖਿਆ ਕਿ ਬੁਲੇਰਾਈਸ ਦੀ ਨਾਮਜ਼ਦਗੀ ਉਨ੍ਹਾਂ ਦੀ ਕਾਬਲੀਅਤ ਤੇ ਹਾਊਸ ਆਫ ਕਾਮਨਜ਼ ਵਿੱਚ ਆਪਣੀ ਗੱਲ ਰੱਖਣ ਦੀ ਮੁਹਾਰਤ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ ਹੈ। ਜਗਮੀਤ ਸਿੰਘ ਨੇ ਦੱਸਿਆ ਕਿ ਉਹ ਤੇ ਬੁਲੇਰਾਈਸ ਘਰਾਂ ਦੀ ਘੱਟ ਕੀਮਤ, ਅਮੀਰਾਂ ਉੱਤੇ ਟੈਕਸ ਲਾਉਣ ਤੇ ਕਿਊਬਿਕ ਦੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਦੇ ਮਤੇ ਦਾ ਪ੍ਰਚਾਰ ਲੋਕਾਂ ਵਿੱਚ ਕਰਨਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਇਸ ਤੋਂ ਇਲਾਵਾ ਅਸੀਂ ਵਾਤਾਵਰਣ ਦੇ ਮੁੱਦੇ ਨੂੰ ਵੀ ਧਿਆਨ ਵਿੱਚ ਰੱਖ ਕੇ ਚੱਲਾਂਗੇ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਆਰਮੀ ਕੈਪ ਮਾਮਲਾ : ਪਾਕਿ ਕ੍ਰਿਕਟ ਬੋਰਡ ਨੇ ਆਈ ਸੀ ਸੀ ਨੂੰ ਵਿਰੋਧ ਪੱਤਰ ਲਿਖਿਆ

ਕਰਾਚੀ, 11 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਨੇ ਅੰਤਰਰਾਸ਼ਟਰੀ ਕ੍ਰਿਕਟ ਪ੍ਰੀਸ਼ਦ (ਆਈ ਸੀ ਸੀ) ਨੂੰ ਖ਼ਤ ਲਿਖ ਕੇ ਭਾਰਤੀ ਟੀਮ ਵੱਲੋਂ ਆਸਟਰੇਲੀਆ ਨਾਲ ਅੰਤਰਰਾਸ਼ਟਰੀ ਮੈਚ ਦੌਰਾਨ ਆਰਮੀ ਕੈਪ ਪਹਿਨਣ ਕਰਨ ਉਸ ਉੱਤੇ ਸਖਤ ਕਾਰਵਾਈ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਭਾਰਤੀ ਟੀਮ ਨੇ ਰਾਂਚੀ ਵਿੱਚ ਤੀਸਰੇ ਵੰਨ ਡੇਅ ਵਿੱਚ ਪੁਲਵਾਮਾ ਅੱਤਵਾਦੀ ਹਮਲੇ ਦੇ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਦੇਣ ਲਈ ਆਰਮੀ ਕੈਪ ਪਹਿਨੀ ਸੀ। ਪੀ ਸੀ ਬੀ ਦੇ ਚੇਅਰਮੈਨ ਅਹਿਸਾਨ ਮਨੀ ਨੇ ਕੱਲ੍ਹ ਕਿਹਾ ਕਿ ਅਸੀਂ ਆਈ ਸੀ ਸੀ ਨੂੰ ਆਪਣਾ ਪੱਖ ਦੱਸ ਦਿੱਤਾ ਹੈ, ਇਸ ਮਾਮਲੇ ਵਿੱਚ ਸਾਡਾ ਮੰਤਵ ਅਤੇ ਕਦਮ 'ਤੇ ਕੋਈ ਸ਼ੱਕ ਨਹੀਂ ਹੈ। ਅਸੀਂ ਅਗਲੇ 12 ਘੰਟੇ ਵਿੱਚ ਆਈ ਸੀ ਸੀ ਨੂੰ ਇੱਕ ਖ਼ਤ ਹੋਰ ਭੇਜਾਂਗੇ। ਮਨੀ ਨੇ ਕਿਹਾ ਕਿ ਪਾਕਿਸਤਾਨ ਦਾ ਇਹ ਕਦਮ ਹੈ ਕਿ ਕ੍ਰਿਕਟ ਵਿੱਚ ਰਾਜਨੀਤੀ ਨੂੰ ਸ਼ਾਮਲ ਨਹੀਂ ਕਰਨਾ ਚਾਹੀਦਾ। ਪਾਕਿਸਤਾਨ ਦੇ ਮੁਤਾਬਕ ਇਹ ਦੂਸਰਾ ਮੌਕਾ ਹੈ, ਜਦ ਬੀ ਸੀ ਸੀ ਆਈ (ਭਾਰਤੀ ਕ੍ਰਿਕਟ ਕੰਟਰੋਲ ਬੋਰਡ) ਨੇ ਰਾਜਨੀਤੀ ਨੂੰ ਕ੍ਰਿਕਟ ਵਿੱਚ ਲਿਆਉਣ ਦੇ ਲਈ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਆਈ ਸੀ ਸੀ ਤੋਂ ਕਿਸੇ ਹੋਰ ਵਿਸ਼ੇ ਵਿੱਚ ਮਨਜ਼ੂਰੀ ਲਈ ਅਤੇ ਇਸ ਦੀ ਵਰਤੋਂ ਕਿਸੇ ਹੋਰ ਥਾਂ ਕੀਤੀ ਹੈ। ਪਿਛਲੇ ਮਹੀਨੇ ਬੀ ਸੀ ਸੀ ਆਈ ਨੇ ਆਈ ਸੀ ਸੀ ਤੋਂ ਅੱਤਵਾਦ ਦੇ ਸਮਰਥਕ ਦੇਸ਼ਾਂ ਨਾਲ ਕ੍ਰਿਕਟ ਦੇ ਸੰਬੰਧ ਤੋੜਨ ਦੀ ਪੇਸ਼ਕਸ਼ ਰੱਖੀ ਸੀ। ਇਹ ਉਨ੍ਹਾਂ ਨੇ ਪੁਲਵਾਮਾ ਦੇ ਹਮਲੇ ਵਿੱਚ ਮਾਰੇ ਗਏ ਜਵਾਨਾਂ ਦੇ ਮਸਲੇ ਦੇ ਬਾਅਦ ਅਜਿਹਾ ਕੀਤਾ। ਭਾਰਤ ਆਈ ਸੀ ਸੀ ਅਤੇ ਵਿਸ਼ਵ ਕੱਪ ਵਿੱਚ ਪਾਕਿ-ਸਤਾਨ ਦੇ ਖਿਲਾਫ ਹੈ। ਇਸ 'ਤੇ ਮਨੀ ਨੇ ਕਿਹਾ ਕਿ ਇਸ ਸਭ ਨਾਲ ਬੀ ਸੀ ਸੀ ਆਈ ਨੇ ਵਿਸ਼ਵ ਕ੍ਰਿਕਟ ਵਿੱਚ ਆਪਣੀ ਵੱਕਾਰ ਨੂੰ ਠੇਸ ਪਹੁੰਚਾਈ ਹੈ। ਮਨੀ ਨੇ ਆਈ ਸੀ ਸੀ ਨੂੰ ਉਸ ਕਾਰਵਾਈ ਦਾ ਵੀ ਯਾਦ ਦਿਵਾਇਆ, ਜਦ ਇਮਰਾਨ ਤਾਹਿਰ ਤੇ ਮੋਇਨ ਅਲੀ ਨੇ ਕੁਝ ਸਮਾਂ ਪਹਿਲਾਂ ਰਾਜਨੀਤਕ ਬਿਆਨ ਦਿੱਤੇ ਸਨ। ਮਨੀ ਦੇ ਇਲਾਵਾ ਪਾਕਿਸਤਾਨ ਦੇ ਵਿਦੇਸ਼ ਮੰਤਰੀ ਤੇ ਸੂਚਨਾ ਪ੍ਰਸਾਰਨ ਮੰਤਰੀ ਨੇ ਵੀ ਭਾਰਤੀ ਟੀਮ ਦੇ ਇਸ ਕੰਮ ਦੀ ਸਖਤ ਆਲੋਚਨਾ ਕੀਤੀ ਸੀ।

## ਪੰਜਾਬੀ ਬੱਚਿਆਂ ਲਈ ਵਿਦੇਸ਼ਾਂ ’ਚ ਪੰਜਾਬ ਤੇ ਪੰਜਾਬੀਅਤ ਬਾਰੇ ਅੰਗਰੇਜ਼ੀ ’ਚ ਪੁਸਤਕਾਂ ਵੱਡੀ ਲੋੜ : ਭੱਠਲ



ਲੁਧਿਆਣਾ, 11 ਮਾਰਚ (ਗਿਆਨ ਸਿੰਘ)ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਰਪ੍ਰਸਤ,ਸਭਿਆਚਾਰਕ ਸੱਥ ਬੇਕਰਜਫੀਲਡ(ਅਮਰੀਕਾ) ਦੇ ਪ੍ਰਧਾਨ ਤੇ ਅਗਾਂਹਵਧੂ ਸੋਚ ਧਾਰਾ ਦੇ ਸਮਾਜਿਕ ਆਗੂ ਅਜੀਤ ਸਿੰਘ ਭੱਠਲ ਨੇ ਆਪਣੀ ਇੱਕ ਮਹੀਨਾ ਲੰਮੀ ਭਾਰਤ ਫੇਰੀ ਉਪਰੰਤ ਵਾਪਸ ਅਮਰੀਕਾ ਪਰਤਦਿਆਂ ਲੁਧਿਆਣਾ ਚ ਕਿਹਾ ਹੈ ਕਿ ਹੁਣ ਵਿਦੇਸ਼ਾਂ ਚ ਜੰਮਪਲ ਬੱਚਿਆਂ ਲਈ ਪੰਜਾਬ ਤੇ ਪੰਜਾਬੀਅਤ ਨਾਲ ਸਬੰਧਿਤ ਸਾਹਿੱਤ, ਇਤਿਹਾਸ ਤੇ ਸਭਿਆਚਾਰ ਬਾਰੇ ਕਿਤਾਬਾਂ ਅੰਜਰੇਜ਼ੀ ਵਿੱਚ ਅਨੁਵਾਦ ਕਰਕੇ ਪਹੁੰਚਾਉਣ ਦੀ ਲੋੜ ਹੈ। ਵਿ-ਗਆਨਕ ਤੇ ਨਵੀਨਤਮ ਤਕਨਾਲੋਜੀ ਵਿਧੀ ਦੀ ਵਰਤੋਂ ਨਾਲ ਸਿਰਫ਼ ਧਾਰਮਿਕ ਸਾਹਿੱਤ ਹੀ ਨਹੀਂ ਸਗੋਂ ਪੰਜਾਬ ਨਾਲ ਸਬੰਧਿਤ ਬੁਨਿਆਦੀ ਗਿਆਨ ਵੀ ਲਘੂ ਫ਼ਿਲਿਮਾਂ, ਈ ਬੁੱਕਸ ਤੇ ਹੋਰ ਮਾਧਿਅਮਾਂ ਨਾਲ ਤਿਆਰ ਕਰਨ ਦੀ ਲੋੜ ਹੈ।

ਸ: ਭੱਠਲ ਨੇ ਕਿਹਾ ਕਿ ਪੰਜਾਬੀ ਬੱਚਿਆਂ ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ, ਸ: ਕਰਮ ਸਿੰਘ ਹਿਸਟੋਰੀਅਨ, ਪ੍ਰੋ: ਪੂਰਨ ਸਿੰਘ, ਭਾਈ ਵੀਰ ਸਿੰਘ ਤੇ ਹੋਰ ਕਈ ਲਿਖਾਰੀਆਂ ਦੀਆਂ ਲਿਖਤਾਂ ਪੜ੍ਹਨ ਦੀ ਇੱਛਾ ਹੈ ਪਰ ਇਹ ਬਹੁਤਾ ਸਾਹਿੱਤ ਗੁਰਮੁਖੀ ਲਿਪੀ ਵਿੱਚ ਹੋਣ ਕਾਰਨ ਉਨ੍ਹਾਂ ਬੱਚਿਆਂ ਦੀ ਪਹੁੰਚ ਤੋਂ ਦੂਰ ਹਨ। ਉਨ੍ਹਾਂ ਕਿਹਾ ਕਿ ਪੁਰਾਣੇ ਸਾਹਿੱਤ ਦੀ ਪਹੁੰਚ ਅੰਗਰੇਜ਼ੀ ਰਾਹੀਂ ਸਮੁੱਚੇ ਵਿਸ਼ਵ ਤੀਕ ਕਰਨ ਦੀ ਲੋੜ ਹੈ।

ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਧੰਨਵਾਦ ਕਰਦਿਆਂ ਕਿਹਾ ਕਿ ਜੇਕਰ ਵਿਦੇਸ਼ਾਂ ਚ ਬੈਠੇ ਸਮਰੱਥ ਪੰਜਾਬੀ ਇਹੋ ਜਹੇ ਪ੍ਰਾਜੈਕਟਾਂ ਨੂੰ ਆਰਥਿਕ ਸਹਾਰਾ ਦੇਣ ਤਾਂ ਅਕਾਡਮੀ ਦੇ ਵਰਤਮਾਨ ਅਹੁਦੇਦਾਰਾਂ ਕੋਲੋਂ ਇਹ ਸੇਵਾ ਕਰਵਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿਆਪਣੇ ਪ੍ਰਧਾਨਗੀ ਕਾਲ ਵੇਲੇ ਉਨ੍ਹਾਂ ਸ਼ਾਹ ਮੁਹੰਮਦ ਰਚਿਤ ਜੰਗਨਾਮਾ ਸਿੰਘਾਂ ਤੇ ਫਰੰਗੀਆਂ ਅੰਗਰੇਜ਼ੀ ਚ ਅਨੁਵਾਦ ਕਰਾਇਆ ਸੀ ਪਰ ਸਾਧਨਾਂ ਦੀ ਕਮੀ ਕਾਰਨ ਛਪ ਨਹੀਂ ਸਕਿਆ।

ਸ: ਭੱਠਲ ਨੇ ਇਹ ਸੇਵਾ ਆਪਣੇ ਜ਼ੰਮੇ ਲੈਂਦਿਆਂ ਤੁਰੰਤ ਕਿਹਾ ਕਿ ਆਪਣੇ ਪੁਰਖਿਆਂ ਦੀ ਯਾਦ ਵਿੱਚ ਇਹ ਪ੍ਰਕਾਸ਼ਨਾ ਛਪਵਾ ਕੇ ਮੈਨੂੰ ਖੁਸ਼ੀ ਹੋਵੇਗੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਮੈਮੋਰੀਅਲ ਟਰਸਟ ਦੇ ਟਰਸਟੀ ਕਰਮਜੀਤ ਸਿੰਘ ਨਾਰੰਗਵਾਲ ਨੇ ਸ: ਅਜੀਤ ਸਿੰਘ ਭੱਠਲ ਨੂੰ ਭਾਈ ਸਾਹਿਬ ਦੀ ਪੁਸਤਕ ਜੇਲ੍ਹ ਚਿੱਠੀਆਂ ਭੇਂਟ ਕਰਦਿਆਂ ਕਿਹਾ ਕਿ ਉਹ ਭਾਈ ਸਾਹਿਬ ਦੀਆਂ ਰਚਨਾਵਾਂ ਅਨੁਵਾਦ ਕਰਨ ਦਾ ਸੁਨੇਹਾ ਟਰਸਟ ਤੀਕ ਪਹੁੰਚਾਉਣਗੇ। ਇਸ ਮੌਕੇ ਜਗਜੀਵਨ ਸਿੰਘ ਮੋਹੀ ਵੀ ਹਾਜ਼ਰ ਸਨ।

## ਬਿੱਲੀਆਂ ਤੋਂ ਪ੍ਰੇਸ਼ਾਨ ਗਵਰਨਰ ਨੇ ਫੜਨ ਲਈ ਇੱਕ ਲੱਖ ਰੁਪਏ ਦਾ ਠੇਕਾ ਦਿੱਤਾ

ਨਵੀਂ ਦਿੱਲੀ, 11 ਮਾਰਚ (ਪੋਸਟ ਬਿਊਰੋ)- ਇਨ੍ਹੀਂ ਦਿਨੀਂ ਕਰਨਾਟਕ ਦੇ ਰਾਜ ਭਵਨ ਵਿੱਚ ਅਣਚਾਹੇ ‘ਮਹਿਮਾਨ’ ਗਵਰਨਰ ਤੇ ਉਨ੍ਹਾਂ ਦੇ ਪਰਵਾਰ ਦੀ ਪ੍ਰੇਸ਼ਾਨੀ ਦਾ ਕਾਰਨ ਬਣ ਗਏ ਹਨ।

ਅਸਲ ਵਿੱਚ ਰਾਜ ਭਵਨ ਵਿੱਚ ਇਨ੍ਹਾਂ ਦਿਨਾਂ ਵਿੱਚ ਕਰੀਬ 30 ਬਿੱਲੀਆਂ ਤੋਂ ਰਾਜ ਭਵਨ ਦੇ ਮੁਲਾਜ਼ਮ ਵੀ ਦੁਖੀ ਹੋ ਗਏ ਹਨ। ਆਖਰ ਬੰਗਲੌਰ ਨਗਰ ਨਿਗਮ ਨੇ ਇੱਕ ਪ੍ਰਾਈਵੇਟ ਏਜੰਸੀ ਨੂੰ ਬਿੱਲੀਆਂ ਫੜਨ ਦਾ ਠੇਕਾ ਦਿੱਤਾ ਤੇ ਇਸ ਵਾਸਤੇ ਉਸ ਨੂੰ ਇੱਕ ਲੱਖ ਦੀ ਪੇਮੈਂਟ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਦਸੰਬਰ ਵਿੱਚ ਰਾਜ ਭਵਨ ਨੇ ਬੰਗੌਲਰ ਮਹਾਨਗਰ ਪਾਲਿਕਾ ਦੇ ਅਧਿਕਾਰੀਆਂ ਨੂੰ ਬਿੱਲੀਆਂ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਦਾ ਹੁਕਮ ਦਿੱਤਾ ਸੀ। ਕੁਝ ਦਿਨ ਤੱਕ ਬਿੱਲੀਆਂ ਦੇ ਨਾਲ ਅੱਖ-ਮਿਚੌਲੀ ਚੱਲਦੀ ਰਹੀ ਅਤੇ ਅੰਤ ਵਿੱਚ ਨਗਰ ਨਿਗਮ ਨੇ ਹੱਥ ਖੜ੍ਹੇ ਕਰ ਦਿੱਤੇ।

## ਬਾਜਵਾ ਨੇ ਲੱਤ ਗੱਡੀ: ਗੁਰਦਾਸਪੁਰ ਸੀਟ ਵਾਸਤੇ ਫੈਸਲਾ ਰਾਹੁਲ ਗਾਂਧੀ ਉੱਤੇ ਛੱਡ ਦਿੱਤਾ ਜਾਏ

ਚੰਡੀਗੜ੍ਹ, 11 ਮਾਰਚ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪੰਜਾਬ ਦੇ ਸਾਬਕਾ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਆਪਣੀ ਦਾਅਵੇਦਾਰੀ ਜਤਾਈ ਹੈ।

ਅਗਲੀਆਂ ਪਾਰਲੀਮੈਂਟ ਚੋਣਾਂ ਲਈ ਟਿਕਟ ਦੀ ਲਾਬਿੰਗ ਕਰਨ ਵਾਸਤੇ ਦਿੱਲੀ ਵਿੱਚ ਡੇਰਾ ਲਾਈ ਬੈਠੇ ਬਾਜਵਾ ਨੇ ਕੱਲ੍ਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵੀ ਮੁਲਾਕਾਤ ਕੀਤੀ ਹੈ। ਇਸ ਤੋਂ ਪਹਿਲਾਂ ਬਾਜਵਾ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਲਈ ਆਪਣੀ ਰਾਜ ਸਭਾ ਸੀਟ ਛੱਡਣ ਦੀ ਪੇਸ਼ਕਸ਼ ਕੀਤੀ ਸੀ। ਉਨ੍ਹਾਂ ਦਾ ਇਹ ਕਹਿਣਾ ਹੈ ਕਿ ਗੁਰਦਾਸਪੁਰ ਸੀਟ ਦਾ ਫੈਸਲਾ ਰਾਹੁਲ ਗਾਂਧੀ ਉੱਤੇ ਛੱਡ ਦੇਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਗੁਰਦਾਸਪੁਰ ਲੋਕ ਸਭ ਸੀਟ ਉਤੇ ਮੌਜੂਦਾ ਪਾਰਲੀਮੈਂਟ ਮੈਂਬਰ ਸੁਨੀਲ ਜਾਖੜ ਦੀ ਵਿਰੋਧਤਾ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ, ਪਰ ਚੋਣਾਂ ਤੋਂ ਐਨਾ ਪਹਿਲਾਂ ਪ੍ਰਤਾਪ ਸਿੰਘ ਬਾਜਵਾ ਨੇ ਇਸ ਸੀਟ ਤੋਂ ਦਾਅਵਾ ਪੇਸ਼ ਕਰ ਕੇ ਸਿਆਸਤ ਭਖਾ ਦਿੱਤੀ ਹੈ। ਕੱਲ੍ਹ ਇੱਕ ਪਾਸੇ ਸਕਰੀਨਿੰਗ ਕਮੇਟੀ ਦੀ ਬੈਠਕ ਚੱਲ ਰਹੀ ਸੀ ਅਤੇ ਦੂਸਰੇ ਪਾਸੇ ਬਾਜਵਾ ਗੁਰਦਾਸਪੁਰ ਦੀ ਟਿਕਟ ਦੀ ਲਾਬਿੰਗ ਵਿੱਚ ਲੱਗੇ ਹੋਏ ਸਨ। ਜਾਣਕਾਰ ਸੂਤਰਾਂ ਮੁਤਾਬਕ ਬਾਜਵਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਪਿੱਛੋਂ ਇਹ ਬਿਆਨ ਦਾਗ ਦਿੱਤਾ ਕਿ ਗੁਰਦਾ-ਸਪੁਰ ਸੀਟ ਦਾ ਫੈਸਲਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਉੱਤੇ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਇਥੋਂ ਤੱਕ ਤੱਕ ਕਿਹਾ ਕਿ ਜੇ ਰਾਹੁਲ ਗਾਂਧੀ ਕਹਿਣ ਤਾਂ ਉਹ ਗੁਰਦਾਸਪੁਰ ਛੱਡ ਕੇ ਅੰਡੇਮਾਨ-ਨਿਕੋਬਾਰ ਤੋਂ ਚੋਣ ਲੜਨ ਨੂੰ ਤਿਆਰ ਹਨ।

ਇਸ ਤੋਂ ਪਹਿਲਾਂ ਗੁਰਦਾਸਪੁਰ ਵਿੱਚ ਸੁਨੀਲ ਜਾਖੜ ਦਾ ਵਿਰੋਧ ਦੇਖ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਦਿਨੀਂ ਚਿਤਾਵਨੀ ਦਿੱਤੀ ਸੀ ਕਿ ਪਾਰਟੀ ਦੇ ਅਧਿਕਾਰਤ ਉਮੀਦਵਾਰ ਦਾ ਵਿਰੋਧ ਕਰਨ ਵਾਲਿਆਂ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਏਗਾ। ਬਾਜਵਾ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਉਹ ਇਹ ਚਾਹੁੰਦੇ ਹਨ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਗੁਰਦਾ-ਸਪੁਰ ਤੋਂ ਚੋਣ ਲੜਨ ਅਤੇ ਉਹ ਇਸ ਸੀਟ ਤੋਂ ਦਾਅਵਾ ਛੱਡਣ ਨੂੰ ਤਿਆਰ ਹਨ।

ਦੂਸਰੇ ਪਾਸੇ ਬਠਿੰਡਾ ਲੋਕ ਸਭਾ ਹਲਕੇ ਤੋਂ ਆਪਣੇ ਬੇਟੇ ਮੋਹਿਤ ਮਹਿੰਦਰਾ ਨੂੰ ਟਿਕਟ ਦਿਵਾਉਣ ਲਈ ਪੰਜਾਬ ਦੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਵੀ ਦਿੱਲੀ ਵਿੱਚ ਡੇਰਾ ਲਾਈ ਬੈਠੇ ਹੋਏ ਹਨ। ਪਾਰਟੀ ਸੂਤਰਾਂ ਦੇ ਮੁਤਾਬਕ ਕੱਲ੍ਹ ਉਨ੍ਹਾਂ ਨੇ ਕਾਂਗਰਸ ਦੇ ਕਈ ਸੀਨੀਅਰ ਨੇਤਾਵਾਂ ਨਾਲ ਮੁਲਾਕਾਤ ਕਰ ਕੇ ਆਪਣੇ ਬੇਟੇ ਨੂੰ ਟਿਕਟ ਦਿਵਾਉਣ ਲਈ ਦਾਅਵਾ ਪੇਸ਼ ਕਰ ਦਿਤਾ ਹੈ। ਮੰ-ਨਆ ਜਾ ਰਿਹਾ ਹੈ ਕਿ ਬ੍ਰਹਮ ਮਹਿੰ-ਦਰਾ ਦੀ ਇਹ ਕੋਸ਼ਿਸ਼ ਹੈ ਕਿ ਜੇ ਪਾਰਟੀ ਬਠਿੰਡਾ ਤੋਂ ਮਨਪ੍ਰੀਤ ਸਿੰਘ ਬਾਦਲ ਨੂੰ ਮੈਦਾਨ ਵਿੱਚ ਨਹੀਂ ਉਤਾਰਦੀ ਤਾਂ ਉਨ੍ਹਾਂ ਦੇ ਬੇਟੇ ਨੂੰ ਮੌਕਾ ਦਿੱਤਾ ਜਾਏ।

## ਚੋਣ ਜ਼ਾਬਤੇ ਨੇ ਕੈਪਟਨ ਅਮਰਿੰਦਰ ਸਿੰਘ ਦੇ ਵਿਕਾਸ ਪ੍ਰਾਜੈਕਟਾਂ ਨੂੰ ਵੀ ਬਰੇਕਾਂ ਲਾਈਆਂ

ਬਠਿੰਡਾ, 11 ਮਾਰਚ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਲਈ ਤਰੀਕਾਂ ਦੇ ਐਲਾਨ ਅਤੇ ਚੋਣ ਜ਼ਾਬਤਾ ਲਾਏ ਜਾਣ ਨੇ ਪੰਜਾਬ ਸਰਕਾਰ ਦੇ ਵਿਕਾਸ ਦੀ ਖੇਡ ਵਿਗਾੜ ਦਿੱਤੀ ਹੈ। ਆਮ ਚੋਣਾਂ ਦੇ ਐਲਾਨ ਤੋਂ ਪਹਿਲਾਂ ਵਿਕਾਸ ਲਈ ਵੰਡੇ ਬਹੁਤੇ ਫੰਡ ਮਿੱਟੀ ਹੋ ਗਏ ਹਨ। ਕੈਪਟਨ ਸਰਕਾਰ ਦੀ ਢਿੱਲੀ ਚਾਲ 'ਤੇ ਚੋਣ ਜ਼ਾਬਤਾ ਭਾਰੂ ਪੈ ਗਿਆ ਹੈ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਪੁਰਖਿਆਂ ਦੇ ਪਿੰਡ ਮਹਿਰਾਜ ਲਈ 28 ਜਨਵਰੀ ਨੂੰ 28 ਕਰੋੜ ਦੇ ਫੰਡ ਐਲਾਨੇ ਗਏ ਸਨ, ਜੋ ਹਾਲੇ ਤੱਕ ਪੁੱਜੇ ਨਹੀਂ। ਚੋਣ ਜ਼ਾਬਤ ਲੱਗਣ ਕਾਰਨ ਇਹ ਵਿਕਾਸ ਵੀ ਆਮ ਚੋਣਾਂ ਮਗਰੋਂ ਹੀ ਹੋ ਸਕੇਗਾ। ਪੇਂਡੂ ਵਿਕਾਸ ਤੇ ਪੰਚ-ਾਇਤ ਵਿਭਾਗ ਨੇ ਨਵੇਂ ਸਰਪੰਚਾਂ ਨੂੰ 15 ਫਰਵਰੀ ਨੂੰ 180 ਕਰੋੜ ਦੇ ਫੰਡ ‘ਸਮਾਰਟ ਪਿੰਡ ਮੁਹਿੰਮ' ਹੇਠ ਜਾਰੀ ਕੀਤੇ ਸਨ, ਜਿਹੜੇ ਹਰ ਜ਼ਿਲੇ ਨੂੰ 25 ਫਰਵਰੀ ਤੋਂ ਦੋ ਮਾਰਚ ਤੱਕ ਵੰਡੇ ਗਏ ਹਨ। ਬਹੁਗਿਣਤੀ ਪਿੰਡਾਂ ਵਿੱਚ ਇਨ੍ਹਾਂ ਫੰਡਾਂ ਦੇ ਕੰਮ ਸ਼ੁਰੂ ਨਹੀਂ ਹੋਏ। ਚੋਣ ਜ਼ਾਬਤੇ ਕਰਕੇ ਇਨ੍ਹਾਂ ਦੀ ਵਰਤੋਂ 'ਤੇ ਉਂਗਲ ਉਠੇਗੀ। ਪੰਜਾਬ ਸਰਕਾਰ ਨੇ ਜਿਹੜੀ ਦੂਜੀ ਕਿਸ਼ਤ ਦੇਣੀ ਸੀ, ਉਹ ਵੀ ਵੇਲੇ ਸਿਰ ਨਹੀਂ ਆ ਸਕੇਗੀ। ਸਮਾਰਟ ਪਿੰਡ ਮੁਹਿੰਮ ਹੇਠ ਪਿੰਡਾਂ ਵਿੱਚ 14ਵੇਂ ਵਿੱਤ ਕਮਿਸ਼ਨ ਦਾ ਪੈਸਾ ਵੀ ਲਾਇਆ ਜਾਣਾ ਹੈ, ਉਹ ਵੀ ਰੁਕਣ ਦੀ ਸੰਭਾਵਨਾ ਹੈ। ਇਸ ਹੇਠ ਸਭ ਤੋਂ ਵੱਧ ਫੰਡ ਜ਼ਿਲਾ ਲੁਧਿਆਣਾ ਨੂੰ 30.64 ਕਰੋੜ ਰੁਪਏ, ਹੁਸ਼ਿਆਰਪੁਰ ਨੂੰ 28 ਕਰੋੜ, ਬਠਿੰਡਾ ਨੂੰ 19.72 ਕਰੋੜ ਅਤੇ ਮੁਕਤਸਰ ਨੂੰ 14 ਕਰੋੜ ਰੁਪਏ ਮਿਲਣੇ ਸਨ, ਜਿਨ੍ਹਾਂ ਵਿੱਚੋਂ 50 ਫੀਸਦੀ ਜਾਰੀ ਹੋ ਚੁੱਕੇ ਸਨ। ਇਸ ਦੌਰਾਨ ਪਤਾ ਲੱਗਾ ਹੈ ਕਿ ਕਈ ਪਿੰਡਾਂ ਵਿੱਚ ਸਰਪੰਚਾਂ ਨੇ ਇਹ ਫੰਡ ਵਰਤਣੇ ਸ਼ੁਰੂ ਕਰ ਦਿੱਤੇ ਹਨ ਜਦੋਂ ਕਿ ਬਹੁਗਿਣਤੀ ਪੰਚਾਇਤਾਂ ਨੇ ਹਾਲੇ ਵਿਕਾਸ ਕੰਮ ਸ਼ੁਰੂ ਨਹੀਂ ਕੀਤੇ।

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਸਾਲ 2018-19 ਦੇ ਪੰਜ ਕਰੋੜ ਅਤੇ ਪਾਰਲੀਮੈਂਟ ਮੈਂਬਰ ਸਾਧੂ ਸਿੰਘ ਦੇ ਇਸ ਸਾਲ ਦੀ ਆਖਰੀ ਕਿਸ਼ਤ ਦੇ ਢਾਈ ਕਰੋੜ ਰੁਪਏ ਕੇਂਦਰ ਸਰਕਾਰ ਨੇ ਰਿਲੀਜ਼ ਨਹੀਂ ਕੀਤੇ। ਨਤੀਜੇ ਵਜੋਂ ਬੀਬੀ ਹਰਸਿਮਰਤ ਕੌਰ ਬਾਦਲ ਅਤੇ ਸਾਧੂ ਸਿੰਘ ਇਨ੍ਹਾਂ ਚੋਣਾਂ ਵਿੱਚ ਵੰਡੀ ਆਖਰੀ ਕਿਸ਼ਤ ਦੀ ਰਾਸ਼ੀ ਦਾ ਸਿਆਸੀ ਲਾਹਾ ਲੈਣ ਤੋਂ ਖੁੰਝ ਜਾਣਗੇ। ਪੰਜਾਬ ਦੇ ਕਈ ਵਜ਼ੀਰਾਂ ਨੇ ਆਪਣੇ ਅਖਤਿਆਰੀ ਕੋਟੇ ਦੇ ਫੰਡ ਮਾਰਚ ਮਹੀਨੇ ਵਿੱਚ ਵੰਡੇ ਹਨ। ਭਾਵੇਂ ਪੰਚਾਇਤਾਂ ਨੂੰ ਇਹ ਫੰਡ ਮਿਲ ਜਾਣੇ ਹਨ, ਪ੍ਰੰਤੂ ਇਨ੍ਹਾਂ ਦੀ ਵਰਤੋਂ ਵੀ ਆਮ ਚੋਣਾਂ ਮਗਰੋਂ ਹੀ ਹੋ ਸਕੇਗੀ।

ਇਸੇ ਤਰ੍ਹਾਂ ਖੇਡ ਵਿਭਾਗ ਵੱਲੋਂ ਵੰਡੇ ਜਾਣ ਵਾਲੇ 85 ਮਹਾਰਾਜਾ ਰਣਜੀਤ ਸਿੰਘ ਐਵਾਰਡ ਵੀ ਰੁਕ ਗਏ ਹਨ। ਦੂਜੇ ਪਾਸੇ ਚੋਣ ਜ਼ਾਬਤੇ ਕਾਰਨ ਕੈਪਟਨ ਸਰਕਾਰ ਵੱਲੋਂ ਬੇਰੁਜ਼ਗਾਰ ਤੇ ਮੁਲਾਜ਼ਮ ਧਿਰਾਂ ਦੇ ਸੰਘਰਸ਼ ਨੂੰ ਟਾਲਣਾ ਸੌਖਾ ਹੋ ਗਿਆ ਹੈ। ਟੈਟ ਪਾਸ ਬੀ ਐਡ ਅਧਿਆਪਕਾਂ ਨੇ ਆਪਣਾ ਨਵਾਂ ਸੰਘਰਸ਼ ਮੁਲਤਵੀ ਕਰ ਦਿੱਤਾ ਹੈ।









# ਪਹਿਲੀ ਲੀਗ ਨਾਲ ਕੁੜੀਆਂ ਦੀ ਕਬੱਡੀ ਦੀ ਲੱਗੀ ਅੰਬਰੀ ਉਡਾਰੀ

ਪੰਜਾਬੀਆਂ ਦੀ ਹਰਮਨ ਪਿਆਰੀ ਧੱਕੜ ਖੇਡ ਕਬੱਡੀ ਸਰਕਲ ਸਟਾਈਲ ਨੂੰ ਵੀਹਵੀ ਸਦੀ ਦੇ ਅੰਤਲੇ ਪਹਿਰ ਤੱਕ ਮਰਦਾਂ ਦੀ ਖੇਡ ਤੱਕ ਸੀਮਿਤ ਮੰਨ ਕੇ ਦੇਖਿਆ ਗਿਆ । 21ਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਪੰਜਾਬ ਵਿੱਚ ਵਿਸ਼ਵ ਕਬੱਡੀ ਕੱਪ ਕਰਾਇਆ ਗਿਆ ਜਿਸ ਦੇ ਦੂਜੇ ਸਾਲ ਮਹਿਲਾ ਵਿਸ਼ਵ ਕਬੱਡੀ ਕੱਪ ਨਾਲ ਕੁੜੀਆ ਦੀ ਕਬੱਡੀ ਦੇ ਖੰਭ ਖੁੱਲ੍ਹ ਗਏ ।ਜਿਸ ਨਾਲ ਦਿਹਾਤੀ ਜੀਵਨ ਵਿੱਚ ਜੰਮੀਆ ਕੁੜੀਆਂ ਨੂੰ ਮਾਪਿਆ ਨੇ ਖੇਡ ਮੈਦਾਨਾ ਵੱਲ ਜਾਣ ਦੀ ਖੁੱਲ੍ਹ ਦੇ ਦਿੱਤੀ ।ਇਸਦੇ ਨਾਲ ਹੀ ਪੰਜ ਵਿਸ਼ਵ ਕਬੱਡੀ ਕੱਪ ਕੁੜੀਆਂ ਦੇ ਖੇਡੇ ਜਾਣ ਤੋਂ ਬਾਅਦ ਜਿੱਥੇ ਲੜਕੀਆਂ ਦੀ ਕਬੱਡੀ ਨੁਮਾਇਸੀ ਪੱਧਰ ਤੋਂ ਉੱਪਰ ਉੱਠ ਕੇ ਇਨਾਮੀ ਰਾਸੀ ਤੇ ਮਾਣ ਸਨਮਾਨਾ ਵੱਲ ਵਧਣੀ ਸ਼ੁਰੂ ਹੋਈ।ਜਿਸ ਦੇ ਫਲਸਰੂਪ ਇਹ ਖੇਡ ਭਾਰਤ ਤੋਂ ਇਲਾਵਾ ਪਾਕਿ-ਸਤਾਨ, ਨਿਊਜੀਲੈਂਡ, ਅਸਟ੍ਰੇਲੀਆ, ਮਨੀਲਾ, ਮਲੇਸੀਆ, ਅਮਰੀਕਾ, ਇੰਗਲੈਂਡ, ਕੈਨੇਡਾ ਤੇ ਯੂਰਪ ਵਿੱਚ ਵੀ ਵੱਡੇ ਪੱਧਰ ਤੇ ਖੇਡੀ ਜਾ ਰਹੀ ਹੈ । ਹੁਣ ਹੋਰਨਾਂ ਦੇਸ਼ਾ ਵਿੱਚ ਵੀ ਕੁੜੀਆਂ ਦੇ ਕਬੱਡੀ ਮੁਕਾਬਲੇ ਸ਼ੁਰੂ ਹੋ ਗਏ ਹਨ ।ਇਸ ਚਿਣਗ ਨੇ ਸਾਰੀ ਦੁਨੀਆਂ ਦੇ ਖੇਡ ਪ੍ਰਬੰਧਕਾ ਨੂੰ ਮਰਦ ਪ੍ਰਧਾਨ ਕਬੱਡੀ ਦੇ ਨਾਲ ਨਾਲ ਮਹਿਲਾ ਕਬੱਡੀ ਨੂੰ ਵਿਕਸਿਤ ਕਰਨ ਵੱਲ ਵੀ ਪ੍ਰੇਰਿਤ ਕੀਤਾ ਹੈ । ਇਸ ਸੰਦਰਭ ਵਿੱਚ ਵਿਸ਼ਵ ਕਬੱਡੀ ਸੰਘ ਤੇ ਭਾਰਤੀ ਕਬੱਡੀ ਸੰਘ ਨੇ ਲੜਕੀਆਂ ਦੀ ਪਹਿਲੀ ਅੰਤਰਰਾਸ਼ਟਰੀ ਲੀਗ ਕਰਾਉਣ ਦਾ ਬੀੜਾ ਚੁੱਕਿਆ ।ਜੋ ਕਿ ਇੱਕ ਸਫਲ ਉਪਰਾਲਾ ਸਾਬਿਤ ਹੋਇਆ ਹੈ । ਇਹ ਲੀਗ 26 ਫਰਵਰੀ ਤੋਂ 3 ਮਾਰਚ ਤੱਕ ਨਿਡਾਨੀ ( ਜੀਂਦ ) ਵਿੱਚ ਖੇਡੀ ਗਈ ।ਜਿਸ ਬਾਰੇ ਅਸੀਂ ਆਪਣੇ ਪਾਠਕਾ ਨਾਲ ਖੁੱਲ੍ਹ ਕੇ ਚਰਚਾ ਕਰਦੇ ਹਾਂ ।

## ਪਹਿਲੀ ਕਬੱਡੀ ਲੀਗ ਦੀ ਸਫਲ ਸ਼ੁਰੂਆਤ

ਪਹਿਲੀ ਮਹਿਲਾ ਕਬੱਡੀ ਲੀਗ ਦੇ ਚੋਣ ਟਰਾਇਲ ਪਾਰਦਰਸ਼ੀ ਢੰਗ ਨਾਲ ਈਸਾਪੁਰ ਖੇੜੀ ਜਿਲਾ ਜੀਂਦ ਦੇ ਵਿੱਚ ਕਰਾਏ ਗਏ । ਜਿੱਥੇ ਪੰਜਾਬ - ਹਰਿਆਣਾ ਦੀਆਂ ਖਿਡਾਰਨਾ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ।ਇਸ ਲੀਗ ਦੌਰਾਨ ਪ੍ਰਬੰਧਕਾ ਨੇ " ਬੇਟੀ ਬਚਾਓ ਬੇਟੀ ਖਿਡਾਓ" ਦਾ ਨਾਅਰਾ ਦਿੱਤਾ । ਇਸ ਤੋਂ ਬਾਅਦ 26 ਫਰਵਰੀ ਤੋਂ ਪਹਿਲੀ ਮਹਿਲਾ ਕਬੱਡੀ ਲੀਗ ਦੀ ਸ਼ਾਨਦਾਰ ਸ਼ੁਰੂਆਂਤ ਚੌਧਰੀ ਭਰਤ ਸਿੰਘ ਮੈਮੋਰੀਅਲ ਖੇਡ ਸਕੂਲ ਨਿਡਾਨੀ ਤੋਂ ਹੋਈ ।ਜਿਸ ਵਿੱਚ ਛੇ ਟੀਮਾ ਨੇ ਭਾਗ ਲਿਆ । ਸੁੰਦਰ ਪੁਸ-ਾਕਾ ਚ ਸਜੀਆ ਖਿਡਾਰਨਾ ਨੇ ਮਾਰਚ ਪਾਸਟ ਤੋਂ ਬਾਅਦ ਪਹਿਲਾ ਮੈਚ ਸਰਸਵਤੀ ਕੁਵੀਨ ਤੇ ਗੋਲਡਨ ਕੁਵੀਨ ਦੀਆਂ ਟੀਮਾ ਦਰਮਿਆਨ ਖੇਡਿਆ ਗਿਆ ।ਇਸ ਟੂਰਨਾਮੈਂਟ ਦੀ ਪਹਿਲੀ ਰੇਡ ਸਰਸਵਤੀ ਕੁਵੀਨ ਟੀਮ ਦੀ ਕਪਤਾਨ ਵਿਸ਼ਵ ਵਿਜੇਤਾ ਖਿਡਾਰਨ ਮੀਨੂੰ ਰਾਣੀ ਨੇ ਪਾ ਕੇ ਜੈਤੂ ਅੰਕ ਆਪਣੀ ਟੀਮ ਲਈ ਜੋੜਿਆ । ਜਦਕਿ ਇਸ ਟੂਰਨਾਮੈਂਟ ਦਾ ਪਹਿਲਾ ਜੱਫਾ ਮਾਝੇ ਦੀ ਜੰਮਪਲ ਸੁਖਦੀਪ ਕੌਰ ਸੁੱਖੀ ਨੇ ਲਾ ਕੇ ਟੂਰਨਾਮੈਂਟ ਵਿੱਚ ਗਹਿਮਾ ਗਹਿਮੀ ਵਾਲਾ ਮਾਹੌਲ ਪੈਦਾ ਕੀਤਾ ।ਇਸ ਲੀਗ ਦਾ ਪਹਿਲਾ ਮੈਚ ਸਰਸਵਤੀ ਕੁਵੀਨ ਨੇ ਜਿੱਤਿਆ ।ਪਹਿਲੇ ਮੈਚ ਦੀ ਬੈਸਟ ਜਾਫੀ ਸੁਖਦੀਪ ਕੌਰ ਸੁੱਖੀ ਤੇ ਬੈਸਟ ਰੇਡਰ ਐਕਸ਼ਨ ਕੁਵੀਨ ਮੋਨੀਕਾ ਬਣੀ ।ਜਦਕਿ ਮੀਨੂੰ ਰਾਣੀ ਦਾ ਸਪੈਸ਼ਲ ਸਨਮਾਨ ਕੀਤਾ ਗਿਆ ।

## ਕਬੱਡੀ ਲੀਗ ਦਾ ਛੇ ਦਿਨ ਸੁਹਾਨਾ ਸਫਰ

ਇਹ ਕਬੱਡੀ ਲੀਗ ਦੇ ਮੈਚ ਲਗਾਤਾਰ ਛੇ ਦਿਨ ਖੇਡੇ ਗਏ ।ਹਰੇਕ ਟੀਮ ਨੇ ਛੇ ਮੈਚ ਖੇਡੇ ,ਜਦਕਿ ਫਾਈਨਲ ਵਾਲੀਆ ਟੀਮਾ ਨੇ 7 ਮੈਚ ਖੇਡੇ । ਲੀਗ ਮੈਚਾ ਤੇ ਅਧਾਰਿਤ ਇਸ ਟੂਰਨਾਮੈਂਟ ਵਿੱਚ ਜੀ ਕੇ ਕੁਵੀਨ ਪੰਜਾਬ,ਹਰਿਆਣਾ ਕੀ ਸ਼ੇਰਨੀ ਦੇ ਦਰਮਿਆਨ ਫਾਈਨਲ ਮੈਚ ਖੇਡਿਆ ਗਿਆ ।ਜਿਸ ਨੂੰ ਟੀ ਵੀ ਤੇ ਹੋਰਨਾ ਸੰਚਾਰ ਸਾਧਨਾ ਰਾਹੀਂ ਲੱਖਾ ਕਬੱਡੀ ਪ੍ਰੇਮੀਆ ਨੇ ਦੇਖਿਆ ।ਪਹਿਲੇ ਸੈਮੀਫਾਈਨਲ ਦੇ ਦਿਲਚਸਪ ਮੁਕਾਬ-ਲਿਆ ਦੌਰਾਨ ਜੀਕੇ ਕੁਵੀਨ ਪੰਜਾਬ ਨੇ ਪਦਮਸ੍ਰੀ ਕੁਵੀਨ ਚੇਨਈ ਨੂੰ 29 ਦੇ ਮੁਕਾਬਲੇ 32 ਅੰਕ ਲੈ ਕੇ ਚਿੱਤ ਕੀਤਾ ।ਜਦਕਿ ਦੂਜੇ ਸੈਮੀਫਾਈਨਲ ਮੈਚ ਵਿੱਚ ਹਰਿਆਣਾ ਕੀ ਸ਼ੇਰਨੀ ਨੇ ਮਹਾਸ੍ਰੀ ਕੁਵੀਨ ਯੂਪੀ ਨੂੰ ਇਕਪਾਸੜ ਮੁਕਾਬਲੇ ਚ 15 ਦੇ ਮੁਕਾਬਲੇ 36 ਅੰਕ ਲੈ ਕੇ ਬਾਹਰ ਕੀਤਾ । ਲੀਗ ਮੈਚਾ ਦੇ ਆਧਾਰ ਤੇ ਇਸ ਟੂਰਨਾਮੈਂਟ ਵਿੱਚ ਪਦਮ ਸ੍ਰੀ ਚੇਨਈ ਦੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ । ਜਦਕਿ ਮਹਾਸ੍ਰੀ ਕੁਵੀਨ ਚੌਥਾ ਤੇ ਗੋਲਡਨ ਕੁਵੀਨ ਦਾ ਪੰਜਵਾਂ ਤੇ ਸਰਸਵਤੀ ਕੁਵੀਨ ਦਾ 6 ਵਾਂ ਸਥਾਨ ਰਿਹਾ ।

## ਜਿੰਨਾ ਖਿਡਾਰਨਾ ਦਾ ਟੂਰਨਾਮੈਂਟ ਵਿੱਚ ਬੋਲਬਾਲਾ ਰਿਹਾ

ਇਸ ਟੂਰਨਾਮੈਂਟ ਵਿੱਚ ਕਰਮੀ ਚਾਹਲ ਦੀਆਂ ਰੇਡਾਂ ਨੇ ਦਰਸ਼ਕਾ ਨੂੰ ਤਾੜੀਆਂ ਮਾਰਨ ਲਈ ਮਜਬੂਰ ਕੀਤਾ ।ਜਿਸ ਨੂੰ ਪੂਰੇ ਟੂਰਨਾਮੈਂਟ ਦੀ ਸਰਵੋਤਮ ਰੇਡਰ ਬਣਨ ਦਾ ਮਾਣ ਪ੍ਰਾਪਤ ਹੋਇਆ । ਜਦਕਿ ਸੁਖਦੀਪ ਕੌਰ ਸੁੱਖੀ ਲਿੱਦੜਾ ਨੂੰ ਜਬਰਦਸਤ ਜੱਫੇ ਲਾਉਣ ਕਾਰਨ ਟੂਰਨਾਮੈਂਟ ਦੀ ਸਰਵੋਤਮ ਜਾਫੀ ਚੁਣਿਆ ਗਿਆ ।ਜਦਕਿ ਫਾਈਨਲ ਮੈਚ ਦੀ ਬੈਸਟ ਰੇਡਰ ਸੁਮਿੱਤ ਪੂਨੀਆ ( ਹਰਿਆਣਾ ਕੀ ਸ਼ੇਰਨੀ) ਤੇ ਜਾਫੀ ਅੰਜੂ ਰਾਣੀ ਤੂਲਸਾ ( ਜੀ ਕੇ ਕੁਵੀਨ ਪੰਜਾਬ) ਨੂੰ ਚੁਣਿਆ ਗਿਆ ।ਜਿੰਨਾ ਨੂੰ ਪ੍ਰਬੰਧਕਾ ਵਲੋਂ ਨਗਦ ਰਾਸੀ ਨਾਲ ਸਨਮਾਨਿੱਤ ਕੀਤਾ ਗਿਆ । ਇਸ ਦੇ ਨਾਲ ਹੀ ਰੀਤੂ ਨਾੜਾ, ਹਰਪ੍ਰੀਤ ਹੈਪੀ, ਸੀਮਾ, ਬਲਜੀਤ ਕੌਰ ਔਲਖ, ਰੀਤੂ ਸੋਥਾ, ਮਨੀਸਾ, ਸੁਸੀਲਾ, ਸੁਸਮਿਤਾ, ਕਿਰਨਜੀਤ ਕੌਰ, ਪ੍ਰਿਆਂਕਾ, ਰੀਨੂੰ,ਪਲਵਿੰਦਰ ਕੌਰ, ਰਾਮਬਤੇਰੀ, ਕਰਮੀ ਮੋਗਾ ਨੇ ਬਤੌਰ ਜਾਫੀ ਤੇ ਮੀਨੂੰ ਰਾਣੀ, ਸੋਨੀਆ ਸਮੈਣ,ਰਾਮ ਬਤੇਰੀ, ਸੁਮਿੱਤ ਪੂਨੀਆ, ਮਨਜੀਤ ਮੋਰ, ਆਸਾ, ਵੀਰਪਾਲ,ਰਿੰਕੂ,ਰਾਜੂ ਫਿਰੋਜਪੁਰ,ਅਕਰਮਪ੍ਰੀਤ,ਬਲਜੀਤ ਕੌਰ,ਹਰਪ੍ਰੀਤ ਕੌਰ,ਰਾਜਦੀਪ ਕੌਰ,ਰੀਤੂ,ਮੋਨੀਕਾ,ਰੀਨੂੰ ਉਰਫ ਧੋਲੀ ਆਦਿ ਖਿਡਾਰਨਾ ਨੇ ਬਤੌਰ ਧਾਵੀ ਆਪਣੀ ਖੇਡ ਦੀ ਚੰਗੀ ਛਾਪ ਛੱਡੀ ।

## ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆ ਖਿਡਾਰਨਾਂ

ਇਸ ਟੂਰਨਾਮੈਂਟ ਦੌਰਾਨ ਰੀਤੂ ਨਾੜਾ, ਹਰਪ੍ਰੀਤ ਹੈਪੀ, ਸੁਖਦੀਪ ਕੌਰ ਸੁੱਖੀ ਦੇ ਜੋਰਦਾਰ ਜੱਫਿਆ ਦੀ ਚਰਚਾ ਰਹੀ ।ਜਿੰਨਾ ਨੇ ਮੁੰਡਿਆ ਵਾਂਗ ਜਾਨਦਾਰ ਜੱਫੇ ਲਾਏ ।ਜਦਕਿ ਬਲਜੀਤ ਕੌਰ ਔਲਖ ਦੇ ਗੋਡੇ ਤੇ ਸੱਟ ਲੱਗੀ ਹੋਣ ਕਾਰਨ ਉਹਦੀ ਖੇਡ ਚ ਕਿਤੇ ਕਿਤੇ ਰੁਕਾਵਟ ਆਉਂਦੀ ਰਹੀ । ਜਦਕਿ ਗੋਲਡਨ ਕੁਵੀਨ ਟੀਮ ਦੀ ਤੇਜ ਤਰਾਰ ਰੇਡਰ ਮੋਨੀਕਾ ਤੇ ਰਾਜੂ ਦੀ ਐਕਸ਼ਨ ਭਰਪੂਰ ਖੇਡ ਨੇ ਕੁੜੀਆ ਦੀ ਕਬੱਡੀ ਨੂੰ ਐਕਸ਼ਨ ਭਰਪੂਰ ਖੇਡ ਬਣਾਇਆ ।ਇਸ ਦੇ ਨਾਲ ਹੀ ਕਰਮੀ ਚਾਹਲ, ਰਾਮਬਤੇਰੀ ਸਮੈਣ, ਸੋਨੀਆ ਸਮੈਣ, ਸੁਮਿੱਤ ਪੂਨੀਆ ਤੇ ਰਿੰਕੂ ਦੀਆਂ ਸ਼ਾਨਦਾਰ ਰੇਡਾਂ ਨੇ ਟੂਰਨਾਮੈਂਟ ਵਿੱਚ ਜਾਨ ਭਰ ਦਿੱਤੀ ।ਨੇਪਾਲ ਦੀ ਖਿਡਾਰਨ ਕਮਲਾ ਥਾਪਾ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ ।ਟੂਰਨਾਮੈਂਟ ਦੌਰਾਨ ਸੰਸਾਰ ਪ੍ਰਸਿੱਧ ਖਿਡਾਰਨ ਸੁਮਨ ਗਿੱਲ, ਬਲਜੀਤ ਔਲਖ, ਆਸਾ, ਵੀਰਪਾਲ ਨੂੰ ਮੈਦਾਨੀ ਸੱਟਾ ਦੀ ਮਾਰ ਵੀ ਝੱਲਣੀ ਪਈ ।

## ਇਨਾਮਾ ਦੀਆਂ ਬੋਛਾਰਾ

ਵਿਸ਼ਵ ਕਬੱਡੀ ਸੰਘ ਤੇ ਭਾਰਤੀ ਕਬੱਡੀ ਸੰਘ ਨੇ ਇਸ ਛੇ ਰੋਜਾ ਟੂਰਨਾਮੈਂਟ ਦੌਰਾਨ ਜਿੱਥੇ 25 ਲੱਖ ਰੁਪਏ ਦੇ ਨਗਦ ਇਨਾਮ ਖਿਡਾਰਨਾ ਨੂੰ ਦਿੱਤੇ ।ਉੱਥੇ ਹਰ ਮੈਚ ਦੀ ਬੈਸਟ ਰੇਡਰ - ਜਾਫੀ ਦਾ ਵੀ ਨਗਦ ਰਾਸ਼ੀ ਨਾਲ ਮਾਣ ਸਨਮਾਨ ਕੀਤਾ ।ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀ ਹਰ ਖਿਡਾਰਨ ਨੂੰ ਬਕਾਇਦਾ ਤੌਰ ਤੇ ਨਗਦ ਰਾਸ਼ੀ ਨਾਲ ਨਿਵਾਜਿਆ ਗਿਆ । ਟੂਰਨਾਮੈਂਟ ਦੀ ਸਮਾਪਤੀ ਦੇ ਨਾਲ ਹੀ ਇਹ ਪਹਿਲੀ ਵਾਰ ਦੇਖਣ ਨੂੰ ਮਿਲਿਆ ਕਿ ਭਾਗ ਲੈਣ ਵਾਲੀਆ ਖਿਡਾਰਨਾ ਦੀ ਝੋਲੀ ਨੋਟਾ ਨਾਲ ਭਰ ਦਿੱਤੀ । ਏ ਗਰੇਡ ਨੂੰ ਛੂਹਣ ਵਾਲੀਆ ਖਿਡਾਰਨਾ ਨੂੰ ਲਗਪਗ ਇਸ ਛੇ ਰੋਜਾ ਟੂਰਨਾਮੈਂਟ ਦੌਰਾਨ 30 ਤੋਂ 50 ਹਜਾਰ ਰੁਪਏ ਦੀ ਕਮਾਈ ਹੋਈ ਹੈ ।ਜੋ ਕਿ ਇੱਕ ਮਹਿਲਾ ਖਿਡਾਰਨ ਲਈ ਵੱਡਾ ਮਾਰਜਨ ਰੱਖਦੀ ਹੈ ।ਇਸ ਦੇ ਨਾਲ ਹੀ ਛੇ ਰੋਜਾ ਟੂਰਨਾਮੈਂਟ ਦੌਰਾਨ ਵੱਖ ਵੱਖ ਮੈਚਾ ਦੀਆਂ ਸਰਵੋਤਮ ਖਿਡਾਰਨਾ ਨੂੰ ਨਗਦ ਰਾਸ਼ੀ ਤੇ ਹੋਰ ਦਿਲਕਸ ਇਨਾਮ ਦੇ ਕੇ ਸਨਮਾਨਿੱਤ ਕੀਤਾ ਗਿਆ ।

ਖਿਡਾਰਨਾ ਦੇ ਰਹਿਣ ਤੇ ਖਾਣ ਪੀਣ ਦੇ ਪੁਖਤਾ ਪ੍ਰਬੰਧ ਚੌਧਰੀ ਭਰਤ ਸਿੰਘ ਮੈਮੋਰੀਅਲ ਖੇਡ ਸਕੂਲ ਨਿਡਾਨੀ ਅੰਦਰ ਖਿਡਾਰਨਾ ਦੇ ਰਹਿਣ ਤੇ ਖਾਣ ਪੀਣ ਦੇ ਯੋਗ ਪ੍ਰਬੰਧ ਕੀਤੇ ਗਏ ਸਨ । ਸੱਟ ਲੱਗਣ ਦੀ ਸੂਰਤ ਵਿੱਚ ਮੈਡੀਕਲ ਟੀਮ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ । ਘਾਹਦਾਰ ਮੈਦਾਨ ਤੇ ਥੋੜ੍ਹੀ ਮਿੱਟੀ ਪਾ ਕੇ ਉਸਨੂੰ ਕਬੱਡੀ ਮੈਚਾ ਦੇ ਅਨੁਕੂਲ ਬਣਾਇਆ ਗਿਆ ਸੀ ।



## ਰੰਗਾਂ ਰੰਗ ਪ੍ਰੋਗਰਾਮ

ਦਰਸ਼ਕਾ ਤੇ ਖਿਡਾਰੀਆਂ ਦੇ ਮਨੋਰੰਜਨ ਲਈ ਹਰਿਆਣਾ ਦੇ ਬੜੇ ਸਭਿਅਕ ਕਲਾਕਾਰਾ ਨੂੰ ਮੌਕਾ ਦਿੱਤਾ ਗਿਆ ।ਜਿੰਨਾ ਨੇ ਲੱਚਰ ਗੀਤਾਂ ਥਾਂ ਸਭਿਆਚਾਰਿਕ ਗੀਤ ਗਾ ਕੇ ਮਾਹੌਲ ਨੂੰ ਨਵੀਂ ਤਾਜਗੀ ਬਖਸ਼ੀ ।ਫਾਈਨਲ ਦਿਨ ਹਰਿਆਣਾ ਦੀ ਮਸਹੂਰ ਗਾਇਕਾ ਪ੍ਰਤੀ ਚੌਧਰੀ ਨੇ ਸਭਿਆਚਾਰਿਕ ਗੀਤਾਂ ਨਾਲ ਰੰਗ ਬੰਨਿਆ।ਇਸ ਮੌਕੇ ਹਰਿਆਣਾ ਦੇ ਨਾਮਵਰ ਅਦਾਕਾਰ ਰਾਜ ਕੁਮਾਰ ਨੇ ਵੀ ਹਾਜਰੀ ਲਵਾਈ ।

ਆਫੀਸਲ ਤੇ ਤਕਨੀਕੀ ਟੀਮ ਚ ਯੋਗ ਵਿਅਕਤੀ ਸਾਮਿਲ ਕੀਤੇ

ਕਬੱਡੀ ਦੇ ਟੂਰਨਾਮੈਂਟ ਤੇ ਅਕਸਰ ਦੇਖਦੇ ਹਾਂ ਕਿ ਰੋਲੇ ਰੱਪੇ ਚ ਹੀ ਸਿਰੇ ਚੜ੍ਹਦੇ ਹਨ ।ਪਰ ਇੱਥੇ ਪ੍ਰਬੰਧਕਾ ਨੇ ਇਸਦਾ ਸਖਤ ਨੋਟਿਸ ਲਿਆ ।ਟੂਰਨਾਮੈਂਟ ਦੀ ਡਰਾਇਕੈਟਰ ਹਰਬੀਰ ਕੌਰ ਭਿੰਡਰ ਤੇ ਕੋਆਡੀਨੇਟਰ ਡਾ. ਸੁਖਦਰਸ਼ਨ ਚਹਿਲ ਦੀ ਅਗਵਾਈ ਵਿੱਚ ਪੰਜਾਬ ਹਰਿਆਣਾ ਦੇ ਪੜ੍ਹੇ ਲਿਖੇ ਤਜੁਬੇਕਾਰ ਅੰਪਾਇਰ ਤੇ ਰੈਫਰੀ ਲਾਏ ਗਏ ਜਿੰਨਾ ਵਿੱਚ ਨੈਬ ਸਿੰਘ ਡੈਨੀ ਏਐਸਆਈ,ਪ੍ਰੋ ਜਸਵੀਰ ਸਿੰਘ ਕਪਿਆਲ , ਕੋਚ ਸੁਰਿੰਦਰ ਸਿੰਘ ਮੱਲ੍ਹੀ , ਕੋਚ ਜਗਤਾਰ ਸਿੰਘ ਮਹਿਣਾ ,ਕੋਚ ਰਾਜਪਾਲ , ਕੋਚ ਦਿਲਾਵਰ ਤੇ ਰਿਕ-ਾਰਡ ਕੀਪਰ ਪ੍ਰੋ ਦਲਜੀਤ ਸਿੰਘ ਗੁਰ-ਾਇਆ,ਪ੍ਰੋ ਨਵਦੀਪ ਕੌਰ,ਤਕਨੀਕੀ ਟੀਮ ਵਿੱਚ ਮੈਡਮ ਪਲਵਿੰਦਰ ਕੌਰ,ਮਹਾਵੀਰ ਸਿੰਘ,ਕੋਚ ਗੁਰਮੇਲ ਸਿੰਘ ਦਿੜ੍ਹਬਾ ਆਦਿ ਸਾਮਿਲ ਸਨ ।ਇਸ ਦੇ ਨਾਲ ਹੀ ਕੁਮੈਂਟਰੀ ਟੀਮ ਵਿੱਚ ਸਤਪਾਲ ਮਾਹੀ ਖਡਿਆਲ,ਪ੍ਰੋ ਅਮਨ,ਤਿਲਕਰਾਜ,ਸਤਪਾਲ ਡੀ ਪੀ ਜੀਂਦ ਤੇ ਅਜੈ ਕੁਮਾਰ ਨੇ ਸ਼ਾਨਦਾਰ ਭੂਮਿਕਾ ਨਿਭਾਈ । ਜਿੰਨਾ ਆਪਣੇ ਕੰਮ ਨੂੰ ਬਾਖੂਬੀ ਅੰਜਾਮ ਦਿੱਤਾ ।

ਪ੍ਰਬੰਧਕ ਟੀਮ ਤੇ ਟੀਮ ਸਪੋਸ਼ਰ

ਇਹ ਟੂਰਨਾਮੈਂਟ ਵਿਸ਼ਵ ਕਬੱਡੀ ਸੰਘ ਤੇ ਭਾਰਤੀ ਕਬੱਡੀ ਸੰਘ ਦੀ ਦੇਖ ਰੇਖ ਚ ਹੋਇਆ ।ਜਿਸ ਦੀ ਅਗਵਾਈ ਸਾਬਕਾ ਡੀਜੀਪੀ ਹਰਿਆਣਾ ਡਾ. ਮਹਿੰਦਰ ਸਿੰਘ ਮਲਿਕ, ਚੇਅਰਮੈਨ ਹਵਾ ਸਿੰਘ ਛੋਕਰ , ਪ੍ਰਧਾਨ ਪ੍ਰਵੀਨ ਯਾਦਵ,ਰੋਹਤਾਸ ਨਾਂਦਲ ਸਕੱਤਰ, ਡਾ. ਆਰ ਕੇ ਹੁੱਡਾ ਚੇਅਰਮੈਨ, ਇੰਦਰਜੀਤ ਸਾਂਗਵਾਨ,ਸੁਖਬੀਰ ਸਿੰਘ, ਗੁਰਮੇਲ ਸਿੰਘ ਦਿੜ੍ਹਬਾ, ਰਣਧੀਰ ਸਿੰਘ, ਸੁਦਰਸ਼ਨ ਅਰੋੜਾ, ਸੁਖਦਰਸ਼ਨ ਚਹਿਲ, ਹਰਬੀਰ ਕੌਰ ਭਿੰਡਰ, ਆਨੰਦ ਲਾਥਰ, ਬਲਵਾਨ ਸਿੰਘ, ਰਾਮ ਚੰਦਰ, ਰਣਧੀਰ ਸਿੰਘ ਸ਼ੇਰੋਨ, ਰਾਜਵਤੀ ਮਲਿਕ ਤੋਂ ਇਲਾਵਾ ਖੇਡ ਪ੍ਰਮੋਟਰ ਚਮਕੌਰ ਸਿੰਘ ਘੁਮਾਣ ਯੂ ਕੇ ,ਬਲਕਾਰ ਘੁਮਾਣ ਐਮਸੀ ਦਿੜ੍ਹਬਾ ,ਗੁਰਦੇਵ ਸਿੰਘ ਮੌੜ, ਸੁਖਵਿੰਦਰ ਭਿੰਦਾ,ਰਾਮ ਸਿੰਘ ਮਾਨ ਆਦਿ ਨੇ ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਸਿਰਤੋੜ ਯਤਨ ਕੀਤੇ ।

## ਫਾਈਨਲ ਦੀ ਖਿਤਾਬੀ ਟੱਕਰ

ਖੇਡਾਂ ਦੇ ਮੈਦਾਨ ਚ ਜਦੋਂ ਭਾਰਤ -ਪਾਕਿ ਦੀ ਟੱਕਰ ਹੁੰਦੀ ਹੈ ਉਸ ਵਕਤ ਵੀ ਦਰਸ਼ਕਾ ਦਾ ਜਾਨੂੰਨ ਦੇਖਣ ਯੋਗ ਹੁੰਦਾ ਹੈ ।ਇਸ ਤਰ੍ਹਾਂ ਜੇਕਰ ਦੇਸ਼ ਦੇ ਕਿਸੇ ਵੀ ਮੈਦਾਨ ਵਿੱਚ ਪੰਜਾਬ ਹਰਿਆਣਾ ਦੀ ਟੱਕਰ ਹੋਵੇ ਤਾਂ ਮਾਹੌਲ ਦੇਖਣਯੋਗ ਹੁੰਦਾ ਹੈ । ਇਸ ਪਹਿਲੀ ਮਹਿਲਾ ਕਬੱਡੀ ਲੀਗ ਦਾ ਫਾਈਨਲ ਵੀ ਪੰਜਾਬ ਹਰਿਆਣਾ ਦਰਮਿਆਨ ਖੜਕੇ ਦੜਕੇ ਵਾਲਾ ਹੀ ਸੀ ।ਜੋ ਕਿ ਜੀ ਕੇ ਕੁਵੀਨ ਪੰਜਾਬ ਤੇ ਹਰਿਆਣਾ ਕੀ ਸ਼ੇਰਨੀ ਵਿਚਕਾਰ ਹੋਇਆ ।ਮੈਚ ਦੇ ਦੂਜੇ ਅੱਧ ਤੱਕ ਖੇਡ ਬਰਾਬਰੀ ਤੇ ਚੱਲਦੀ ਰਹੀ।ਦੋਵਾਂ ਪਾਸਿਓ ਤੋਂ ਚੜ੍ਹ ਚੜ੍ਹ ਪੈਣ ਕਬੱਡੀਆਂ ਵਾਲੀ ਗੱਲ ਹੁੰਦੀ ਰਹੀ ।ਪੰਜਾਬ ਵਲੋਂ ਸੋਨੀਆ ਸਮੈਣ ਤੇ ਰਿੰਕੂ ਨੇ ਜੋਰਦਾਰ ਧਾਵੇ ਕੀਤੇ ਤੇ ਹਰਿਆਣਾ ਵਲੋਂ ਰਾਮਬਤੇਰੀ ਤੇ ਸੁਮਿੱਤ ਪੂਨੀਆ ਨੇ ਹਮਲਾਵਰ ਰੁੱਖ ਬਣਾਈ ਰੱਖਿਆ । ਮੈਚ ਦੇ ਦੂਜੇ ਅੱਧ ਚ ਅੰਜੂ ਰਾਣੀ ਰਾਣੀ ਉਰਫ ਤੂਲਸਾ ਨੇ ਜੱਫਾ ਲਾ ਕੇ ਖੇਡ ਦਾ ਪਾਸਾ ਪੱਲਟਿਆ ।ਜਿਸ ਨਾਲ ਹਰਿਆਣਾ ਥੋੜ੍ਹਾ ਦਬਾਅ ਚ ਆ ਗਿਆ ।ਲੱਗਦੀ ਸੱਟੇ ਰਿਤੂ ਸੋਥਾ ਨੇ ਜੱਫਾ ਲਾ ਕੇ ਪੰਜਾਬ ਦੀ ਚੜ੍ਹਦੀ ਕਲਾ ਦਾ ਬਿਗਲ ਵਜਾ ਦਿੱਤਾ ।ਮੈਚ ਦੀ ਆਖਰੀ ਵਿਸਲ ਵੱਜਣ ਤੱਕ ਜੀ ਕੇ ਕੁਵੀਨ ਪੰਜਾਬ ਨੇ 32 ਅੰਕ ਤੇ ਹਰਿਆਣਾ ਕੀ ਸ਼ੇਰਨੀ ਨੇ 28 ਅੰਕ ਪ੍ਰਾਪਤ ਕੀਤੇ ।ਪੰਜਾਬ ਨੂੰ ਜਿਤਾਉਣ ਵਿੱਚ ਟੀਮ ਦੀ ਕਪਤਾਨ ਸੋਨੀਆ ਦੀ ਅਹਿਮ ਭੂਮਿਕਾ ਸੀ ਜਿਸ ਨੇ ਤੇਜ ਬੁਖਾਰ ਹੋਣ ਦੇ ਬਾਵਜੂਦ ਵੀ ਹੌਸ਼ਲਾ ਨਾ ਹਾਰਦੇ ਹੋਏ ਇਕ ਸੂਰਮਗਤੀ ਵਾਲੀ ਖੇਡ ਦਿਖਾ ਕੇ ਜਿੱਤ ਪੰਜਾਬ ਦੀ ਝੋਲੀ ਪਾਈ ।ਇਸ ਮੈਚ ਚ ਸੁਮਿੱਤ ਪੂਨੀਆ,ਰਾਮਬਤੇਰੀ ( ਹਰਿਆਣਾ ਟੀਮ) ,ਅੰਜੂ ਰਾਣੀ,ਰਿੱਤੂ ਸੋਥਾ,ਰਿੰਕੂ ਨੇ ਜਾਨਦਾਰ ਖੇਡ ਦਿਖਾਈ ।ਫਾਈਨਲ ਮੈਚ ਦੀ ਬੈਸਟ ਰੇਡਰ ਸੁਮਿੱਤ ਪੂਨੀਆ ਮਤਲੋਡਾ ਤੇ ਜਾਫੀ ਅੰਜੂ ਰਾਣੀ ਤੂਲਸਾ ਸਮੈਣ ਬਣੀਆ ।

ਲੜਕੀਆ ਦੀ ਕਬੱਡੀ ਵੱਲ ਵਧਿਆ ਪ੍ਰਮੋਟਰਾ ਦਾ ਧਿਆਨ

ਇਸ ਟੂਰਨਾਮੈਂਟ ਤੋਂ ਬਾਅਦ ਕਬੱਡੀ ਨੂੰ ਪ੍ਰਫੁੱਲਤ ਕਰਨ ਵਾਲੇ ਪ੍ਰਬੰਧਕਾ ਦਾ ਧਿਆਨ ਲੜਕੀਆ ਦੀ ਕਬੱਡੀ ਵੱਲ ਵੀ ਵਧਿਆ ਹੈ ।ਇਸ ਲੀਗ ਟੂਰਨਾਮੈਂਟ ਤੋਂ ਬਾਅਦ ਲੜਕੀਆ ਦੀ ਕਬੱਡੀ ਦੇ ਵਧੇਰੇ ਅੰਤਰਰਾਸ਼ਟਰੀ ਟੂਰਨਾਮੈਂਟ ਹੋਣ ਦੀ ਸੰਭਵਨਾ ਵੱਧਦੀ ਨਜਰ ਆ ਰਹੀ ਹੈ ।ਜਿਸ ਨਾਲ ਧੀਆ ਧਿਆਣੀਆ ਨੂੰ ਇਸ ਖੇਤਰ ਚ ਹੋਰ ਅੱਗੇ ਵਧਣ ਚ ਮੱਦਦ ਮਿਲੇਗੀ । ਸੋ ਇਸ ਤਰ੍ਹਾਂ ਦੇ ਨਗਦ ਰਾਸ਼ੀਆ ਵਾਲੇ ਪਾਰਦਰਸ਼ੀ ਢੰਗ ਨਾਲ ਹੋਣ ਵਾਲੇ ਟੂਰਨਾਮੈਂਟ ਹੋਣੇ ਸਮੇਂ ਦੀ ਮੁੱਖ ਲੋੜ ਹੈ ।ਇਸ ਟੂਰਨਾਮੈਂਟ ਨੂੰ ਅੰਜਾਮ ਤੱਕ ਪਹੁੰਚਾਉਣ ਵਾਲੇ ਪ੍ਰਬੰਧਕ ਵਧਾਈ ਦੇ ਪਾਤਰ ਹਨ ॥

ਲੇਖਕ
ਸਤਪਾਲ ਮਾਹੀ ਖਡਿਆਲ,
ਸੰਗਰੂਰ
ਫੋਨ 98724 59691

# ਮਿੰਨੀ ਕਹਾਣੀਆਂ

## ਕਿਉਂਕਿ ਮੈਨੂੰ ਪੰਜਾਬੀ ਆਉਂਦੀ ਐ..

-ਜਸਵਿੰਦਰ ਦੱਧਾਹੂਰ

ਪੰਜਾਬੀ ਭਾਸ਼ਾ ਵਿਭਾਗ ਵੱਲੋਂ ਕਰਵਾਈਆਂ ਪੰਜਾਬੀ ਮਾਂ ਬੋਲੀ ਦੇ ਭਵਿੱਖ ਨਾਲ ਸਬੰਧਤ ਗੋਸ਼ਟੀਆਂ ਵਿੱਚ ਭਾਗ ਲੈ ਕੇ ਅੱਜ ਪੰਜਾਬੀ ਮਾਸਟਰ ਸੱਜਣ ਸਿੰਘ ਕਈ ਦਿਨਾਂ ਪਿੱਛੋਂ ਆਪਣੇ ਸਕੂਲ ਮੁੜਿਆ। ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦਿਆਂ ਵੀ ਉਹ ਪੂਰੀ ਤਨਦੇਹੀ ਨਾਲ ਮਾਂ ਬੋਲੀ ਨੂੰ ਸਮਰਪਿਤ ਸੀ। ਆਪਣੀ ਕਲਾਸ ਦਾ ਪੀਰੀਅਡ ਲੈ ਕੇ ਮੁੜਦਿਆਂ ਦੂਜੀ ਜਮਾਤ ਦੇ ਵਿਦਿਆਰਥੀ ਨੂੰ ਕਲਾਸ ਦੇ ਬਾਹਰ ਬੈਠਾ ਦੇਖ ਕੇ ਮਾਸਟਰ ਸੱਜਣ ਸਿੰਘ ਨੇ ਪੁੱਛਿਆ, 'ਕੀ ਗੱਲ ਬਈ, ਕਿਵੇਂ ਕਲਾਸ ਦੇ ਬਾਹਰ ਬੈਠਾ ਐ?'

ਬੱਚੇ ਨੇ ਮਾਸੂਮੀਅਤ ਨਾਲ ਜਵਾਬ ਦਿੱਤਾ, 'ਸਰ, ਮੈਨੂੰ ਮੈਡਮ ਨੇ ਕਲਾਸ ਵਿੱਚੋਂ ਬਾਹਰ ਕੱਢ ਦਿੱਤਾ।'

'ਕਿਉਂ?'

'ਸਰ ਜੀ, ਕਿਉਂਕਿ ਮੈਨੂੰ ਪੰਜਾਬੀ ਆਉਂਦੀ ਐ।'

'ਕੀ ਮਤਲਬ ਪੁੱਤਰ ਜੀ।'

'ਸਰ, ਸਾਡਾ ਇੰਗਲਿੰਸ਼ ਮੀਡੀਆ ਸਕੂਲ ਹੋਣ ਕਰਕੇ ਅੰਗਰੇਜ਼ੀ ਬੋਲਣੀ ਜ਼ਰੂਰੀ ਹੈ ਤੇ ਮੈਡਮ ਨੇ ਮੈਨੂੰ ਕਲਾਸ ਵਿੱਚ ਪੰਜਾਬੀ ਬੋਲਦਿਆਂ ਸੁਣ ਲਿਆ ਤਾਂ ਬਾਹਰ ਕੱਢ ਦਿੱਤਾ।' ਬੱਚੇ ਦੀ ਮਾਸੂਮੀਅਤ ਨਾਲ ਕਹੀ ਇਸ ਗੱਲ 'ਤੇ ਮਾਂ ਬੋਲੀ ਦੇ ਆਪਣੇ ਸੂਬੇ ਵਿੱਚ ਹੋ ਰਹੇ ਤਿਰਸਕਾਰ ਅਤੇ 'ਮਾਤ ਭਾਸ਼ਾ ਦਸਵੀਂ ਤੱਕ ਜ਼ਰੂਰੀ' ਗੋਸ਼ਟੀ ਬਾਰੇ ਸੋਚਦਿਆਂ ਮਾਸਟਰ ਸੱਜਣ ਸਿੰਘ ਦਾ ਚਿਹਰਾ ਚਿੰਤਾਂ ਦੀਆਂ ਲਕੀਰਾਂ ਨਾਲ ਭਰ ਗਿਆ।

## ਦਾਨ

-ਗੁਰਮੀਤ ਸਿੰਘ ਮਰਾੜ੍ਹ

'ਮੰਮੀ, ਆਪਾਂ ਵੀ ਛੋਲੀਆ ਲਈਏ!' ਬੱਚੀ ਨੇ ਬੜੀ ਖਾਹਿਸ਼ ਜਿਹੀ ਨਾਲ ਆਪਣੀ ਮਾਂ ਨੂੰ ਕਿਹਾ।

ਕੀਮਤ ਸੁਣ ਕੇ ਮਾਂ ਨੇ ਆਪਣਾ ਛੋਟਾ ਜਿਹਾ ਪਰਸ ਖੋਲ੍ਹਿਆ ਤੇ ਵੇਖ ਕੇ ਕਿਹਾ, 'ਵੀਰਾ, ਇਕ ਕਿਲੋ ਆਲੂ ਦੇਣਾ।'

ਬੱਚੀ ਨੇ ਮਾਂ ਦਾ ਹੱਥ ਫੜ ਕੁਝ ਕਹਿਣਾ ਚਾਹਿਆ, ਪਰ ਮਾਂ ਨੇ ਚੁੱਪ ਕਰਾਉਂਦਿਆਂ ਕਿਹਾ, 'ਪੁੱਤ, ਅੱਜ ਸਾਰੇ ਪੈਸੇ ਡਾਕਟਰ ਨੇ ਲੈ ਲਏ। ਫਿਰ ਕਿਸੇ ਦਿਨ ਲਵਾਂਗੇ ਜਾਂ ਪਿੰਡ ਸਾਈਕਲ ਵਾਲੇ ਤੋਂ ਲੈ ਲਵਾਂਗੇ।' ਜਵਾਬ ਸੁਣ ਕੇ ਬੱਚੀ ਬੜੀ ਮਾਯੂਸ ਜਿਹੀ ਹੋ ਗਈ।

ਮੈਂ ਵੀ ਛੋਲੀਆ ਅਤੇ ਹੋਰ ਸਬਜ਼ੀ ਲੈਣ ਲਈ ਖੜਾ ਸੀ। ਰੇਹੜੀ ਵਾਲੇ ਕੋਲ ਛੋਲੀਏ ਦੀਆਂ ਤਿੰਨ ਚਾਰ ਗੁੱਟੀਆਂ ਹੀ ਸਨ। ਤਾਜ਼ਾ-ਤਾਜ਼ਾ ਆਇਆ ਹੋਣ ਕਰਕੇ ਪੰਜਾਹ ਰੁਪਏ ਦੇ ਹਿਸਾਬ ਨਾਲ ਵੇਚ ਰਿਹਾ ਸੀ। ਮੇਰਾ ਧਿਆਨ ਵਾਰ-ਵਾਰ ਬੱਚੀ ਦੇ ਉਦਾਸ ਚਿਹਰੇ ਵੱਲ ਜਾ ਰਿਹਾ ਸੀ, ਜੋ ਆਪਣੀ ਅਧੂਰੀ ਖਾਹਿਸ਼ ਕਾਰਨ ਚੁੱਪਚਾਪ ਖੜੀ ਸੀ। ਮੈਂ ਚਾਹੁੰਦੇ ਹੋਏ ਵੀ ਕੁਝ ਨਹੀਂ ਸੀ ਕਰ ਸਕਦਾ ਕਿ ਔਰਤ ਪਤਾ ਨਹੀਂ ਕੀ ਸੋਚੇ। ਏਨੇ ਨੂੰ ਇਕ ਔਰਤ ਆਈ। ਉਸ ਨੇ ਛੋਲੀਏ ਦਾ ਭਾਅ ਪੁੱਛਿਆ। ਔਰਤ ਨੇ ਤਿੰਨੋਂ ਗੁੱਟੀਆਂ ਸੌ ਰੁਪਏ ਵਿੱਚ ਦੇਣ ਨੂੰ ਕਿਹਾ, ਪਰ ਰੇਹੜੀ ਵਾਲਾ ਕਿਸੇ ਹਾਲਤ ਵਿੱਚ ਨਹੀਂ ਸੀ ਮੰਨ ਰਿਹਾ।

'ਮੈਂ ਤਾਂ ਦਾਨ ਕਰਨਾ, ਤੈਨੂੰ ਵੀ ਫਲ ਮਿਲੂ।' ਉਸ ਔਰਤ ਨੇ ਭਾਅ ਘਟਾਉਣ ਲਈ ਆਖਰੀ ਹੰਭਲਾ ਮਾਰਿਆ। ਮੈਨੂੰ ਲੱਗਿਆ ਕਿ ਔਰਤ ਇਸ ਗਰੀਬ ਬੱਚੀ ਦੀ ਮੰਗ ਪੂਰੀ ਕਰੇਗੀ। ਸ਼ਾਇਦ ਰੇਹੜੀ ਵਾਲਾ ਵੀ ਇਹੋ ਸੋਚ ਰਿਹਾ ਸੀ, ਪਰ ਮੇਰੇ ਤੋਂ ਪੰਜਾਹ ਰੁਪਏ ਲੈਣ ਕਰਕੇ ਝਿਜਕਦਾ ਸੀ। ਮੈਂ ਕਿਹਾ, 'ਜੇ ਤੈਨੂੰ ਵਾਰਾ ਖਾਂਦਾ ਤਾਂ ਦੇ ਦੇ। ਮੈਨੂੰ ਇਤਰਾਜ਼ ਨਹੀਂ।'

'ਸਰਦਾਰ ਜੀ, ਵਾਰਾ ਤਾਂ ਨਹੀਂ ਖਾਂਦਾ। ਚਾਲੀ ਰੁਪਏ ਖਰੀਦ ਹੈ। ਚਲੋ ਦਾਨ ਸਹੀ।' ਪੁੰਨ ਦਾਨ ਦੇ ਨਾਮ 'ਤੇ ਉਹ ਵੀ ਘਾਟਾ ਖਾਣ ਨੂੰ ਤਿਆਰ ਸੀ। ਉਸ ਨੇ ਸੌ ਰੁਪਏ ਲੈ ਤਿੰਨੋਂ ਗੁੱਟੀਆਂ ਚੁੱਕਾ ਦਿੱਤੀਆਂ। ਔਰਤ ਨੇ ਛੋਲੀਆ ਚੁੱਕਿਆ ਤੇ ਚੌਕ ਨੂੰ ਚੱਲ ਪਈ। ਚੌਕ ਵਿੱਚ ਪਸ਼ੂਆਂ ਦਾ ਝੁੰਡ ਸੜਕ ਕੰਢੇ ਬੈਠਾ ਸੀ। ਉਸ ਔਰਤ ਨੇ ਛੋਲੀਆ ਉਨ੍ਹਾਂ ਅੱਗੇ ਲਿਜਾ ਸੁੱਟਿਆ। ਪਸ਼ੂਆਂ ਨੂੰ ਇਕ-ਇਕ ਬੂਝਾ ਆਇਆ ਅਤੇ ਕੁਝ ਉਨ੍ਹਾਂ ਦੀ ਖਿੱਚ ਧੂਹ ਵਿੱਚ ਪੈਰਾਂ ਥੱਲੇ ਮਿੱਧਿਆ ਗਿਆ। ਬੱਚੀ, ਰੇਹੜੀ ਵਾਲਾ ਤੇ ਮੈਂ ਓਧਰ ਹੀ ਦੇਖ ਰਹੇ ਸੀ। ਬੱਚੀ ਦੀਆਂ ਅੱਖਾਂ ਵਿੱਚ ਅਜੇ ਵੀ ਅੱਥਰੂ ਡਲ੍ਹਕ ਰਹੇ ਸਨ।

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5 | Harcharan S. Grover



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for
Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org



IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਜ਼ਿੰਦਗੀ ਦੀ ਫੇਸਬੁੱਕ ਦੇ ਮਾਅਨੇ

-ਪ੍ਰਿੰ. ਵਿਜੈ ਕੁਮਾਰ

ਜ਼ਿਆਦਾਤਰ ਪੜ੍ਹੇ ਲਿਖੇ ਲੋਕ ਹਰ ਰੋਜ਼ ਆਪਣੇ ਮੋਬਾਈਲਾਂ 'ਤੇ ਆਪੋ ਆਪਣਾ ਸਟੇਟਸ ਪਾਉਂਦੇ ਰਹਿੰਦੇ ਹਨ। ਉਨ੍ਹਾਂ ਲੋਕਾਂ ਦੀ ਇਹ ਧਾਰਨਾ ਹੁੰਦੀ ਹੈ ਕਿ ਉਨ੍ਹਾਂ ਦੇ ਸੱਜਣਾਂ ਮਿੱਤਰਾਂ ਅਤੇ ਜਾਣਕਾਰਾਂ ਉਤੇ ਉਨ੍ਹਾਂ ਦਾ ਪ੍ਰਭਾਵ ਬਣਿਆ ਰਹੇ। ਫੇਸਬੁੱਕ ਦਾ ਪੇਜ ਬਣਾ ਕੇ ਉਸ ਉਤੇ ਆਪਣੇ ਆਪ ਨੂੰ ਪੇਸ਼ ਕਰਨਾ ਜ਼ਿੰਦਗੀ ਦਾ ਅਹਿਮ ਹਿੱਸਾ ਬਣਦਾ ਜਾ ਰਿਹਾ ਹੈ, ਪਰ ਜ਼ਿੰਦਗੀ ਦੀ ਅਸਲ ਫੇਸਬੁੱਕ ਜਿਸ ਨੇ ਮਨੁੱਖ ਦੇ ਚੰਗੇ ਮਾੜੇ ਹੋਣ ਦਾ ਫੈਸਲਾ ਕਰਨਾ ਹੁੰਦਾ ਹੈ, ਤੋਂ ਲੋਕ ਦੂਰ ਹੁੰਦੇ ਜਾ ਰਹੇ ਹਨ। ਕੁਝ ਸਾਲ ਪਹਿਲਾਂ ਸਾਡੇ ਸ਼ਹਿਰ ਦੇ ਹਰਮਨ ਪਿਆਰੇ ਦਰਵੇਸ਼ ਸੱਜਣ ਨੇ ਇਸ ਫਾਨੀ ਦੁਨੀਆ ਤੋਂ ਅਲਵਿਦਾ ਲਈ। ਉਸ ਨੂੰ ਆਖਰੀ ਸਲਾਮ ਕਹਿਣ ਲਈ ਸ਼ਮਸ਼ਾਨਘਾਟ 'ਤੇ ਲੋਕਾਂ ਦਾ ਬਹੁਤ ਵੱਡਾ ਹਜੂਮ ਇਹ ਕਹਿ ਰਿਹਾ ਸੀ ਕਿ ਉਸ ਦੇ ਇਸ ਦੁਨੀਆ ਤੋਂ ਤੁਰ ਜਾਣ ਦਾ ਦੁੱਖ ਉਸ ਦੇ ਇਕੱਲੇ ਪਰਵਾਰ ਨੂੰ ਨਹੀਂ, ਪੂਰੀ ਖਲਕਤ ਨੂੰ ਹੈ। ਉਸ ਨੇ ਲੋਕਾਂ ਨੂੰ ਇਹ ਦੱਸਿਆ ਕਿ ਜ਼ਿੰਦਗੀ ਦੀ ਅਸਲ ਫੇਸਬੁੱਕ ਦੀ ਤਸਵੀਰ ਕਿਹੋ ਜਿਹੀ ਹੋਣੀ ਚਾਹੀਦੀ ਹੈ। ਉਹ ਆਪਣੇ ਸ਼ਹਿਰ ਦੀ ਨਗਰ ਕੌਂਸਲ ਦੀ ਚੋਣ ਕਦੇ ਨਹੀਂ ਸੀ ਹਾਰਿਆ ਤੇ ਉਸ ਦੀ ਜ਼ਿੰਦਗੀ ਦੀ ਚਿੱਟੀ ਚਾਦਰ 'ਤੇ ਭ੍ਰਿਸ਼ਟਾਚਾਰ ਦਾ ਕੋਈ ਦਾਗ ਨਹੀਂ ਸੀ। ਉਸ ਦੀ ਸ਼ਖਸੀਅਤ ਇਸ ਲਈ ਇਸ ਤਰ੍ਹਾਂ ਦੀ ਸੀ ਕਿ ਉਸ ਨੇ ਆਪਣੀ ਜ਼ਿੰਦਗੀ ਦੀ ਫੇਸਬੁੱਕ ਦਾ ਸਟੇਟਸ ਬਣਾ ਕੇ ਰੱਖਿਆ ਹੋਇਆ ਸੀ। ਉਹ ਜ਼ਿੰਦਗੀ ਜਿਊਣ ਦੇ ਢੰਗਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ।

ਜੇ ਇਸ ਧਰਤੀ ਦੇ ਲੋਕ ਮੋਬਾਈਲ 'ਤੇ ਆਪਣੀ ਫੇਸਬੁੱਕ ਦਾ ਸਟੇਟਸ ਮੇਨਟੇਨ ਕਰਨ ਦੇ ਨਾਲ ਆਪਣੀ ਜ਼ਿੰਦਗੀ ਦੀ ਫੇਸਬੁੱਕ ਦਾ ਸਟੇਟਸ ਮੇਨਟੇਨ ਕਰਨਾ ਸਿੱਖ ਜਾਣ ਤਾਂ ਇਹ ਧਰਤੀ ਸਵਰਗ ਹੋ ਸਕਦੀ ਹੈ। ਸਾਰੇ ਝਗੜਿਆਂ ਦਾ ਭੋਗ ਪੈ ਸਕਦਾ ਹੈ। ਹਰ ਬਸ਼ਰ ਬਹੁਤ ਸਹਿਜਮਈ ਢੰਗ ਨਾਲ ਜ਼ਿੰਦਗੀ ਗੁਜ਼ਾਰ ਸਕਦਾ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਉਸ ਅਕਾਲ ਪੁਰਖ ਵੱਲੋਂ ਸਾਜੀ ਨਿਵਾਜੀ ਇਸ ਸ੍ਰਿਸ਼ਟੀ ਦੇ ਅਜਬ ਗਜ਼ਬ ਨਜ਼ਾਰਿਆਂ ਨੂੰ ਛੱਡ ਕੇ ਅਸੀਂ ਉਸ ਸਵਰਗ ਪ੍ਰਾਪਤੀ ਦੀ ਕਲਪਨਾ ਕਰਦੇ ਰਹਿੰਦੇ ਹਾਂ, ਜਿਸ ਨੂੰ ਅੱਜ ਤੱਕ ਕਿਸੇ ਨੇ ਵੇਖਿਆ ਹੀ ਨਹੀਂ। ਅਸੀਂ ਆਪਣੇ ਸਵਾਰਥਾਂ, ਡਰਾਮਿਆਂ, ਵਿਖਾਵਿਆਂ ਤੇ ਆਪਣੀਆਂ ਸਾਜ਼ਿਸ਼ਾਂ ਕਾਰਨ ਦੁੱਖਾਂ ਦੇ ਤਾਣੇ ਬਾਣੇ 'ਚ ਉਲਝੇ ਰਹਿੰਦੇ ਹਾਂ।

ਮੇਰੇ ਮੋਬਾਈਲ 'ਤੇ ਅਕਸਰ ਹੀ ਫੇਸਬੁੱਕ ਰਾਹੀਂ ਇਹ ਸੁਨੇਹੇ ਪੜ੍ਹਨ ਨੂੰ ਮਿਲਦੇ ਹਨ ਕਿ ਅੱਜ ਮੇਰਾ ਜਨਮ ਦਿਨ ਹੈ। ਅੱਜ ਮੈਂ ਦਿੱਲੀ ਵਿੱਚ ਹਾਂ। ਦੋ ਦਿਨ ਦੇ ਰੁਝੇਵਿਆਂ ਕਾਰਨ ਸੱਜਣਾਂ ਮਿੱਤਰਾਂ ਨਾਲ ਮੇਰਾ ਮੇਲ ਨਹੀਂ ਹੋ ਸਕਦਾ। ਇਸ ਤੋਂ ਬਿਨਾਂ ਹੋਰ ਵੀ ਬਿਨਾਂ ਸਿਰ ਪੈਰ ਦੀਆਂ ਗੱਲਾਂ ਫੇਸਬੁੱਕ ਰਾਹੀਂ ਲੋਕਾਂ ਤੱਕ ਪਹੁੰਚਾਈਆਂ ਜਾਂਦੀਆਂ ਹਨ। ਨਵੀਂ ਤਕਨਾਲੋਜੀ ਦੇ ਇਸ ਕਮਾਲ ਮੋਬਾਈਲ ਰਾਹੀਂ ਆਪਣੀ ਜ਼ਿੰਦਗੀ ਦੇ ਰੁਝੇਵਿਆਂ ਤੇ ਆਪਣੀ ਸੋਚ ਨੂੰ ਦੂਜਿਆਂ ਤੱਕ ਪਹੁੰਚਾਉਣ ਵਾਲੇ ਲੋਕਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਸ ਦੀ ਜ਼ਿੰਦਗੀ ਦੀ ਫੇਸਬੁੱਕ ਨੂੰ ਵੀ ਲੋਕਾਂ ਵੱਲੋਂ ਵਾਚਿਆ ਜਾ ਰਿਹਾ ਹੈ। ਉਨ੍ਹਾਂ ਨੂੰ ਇਹ ਖਿਆਲ ਰਹਿਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਦੀ ਫੇਸਬੁੱਕ ਦਾ ਸਟੇਟਸ ਕੀ ਹੈ? ਕੀ ਉਹ ਇਸ ਦਾ ਹਿਸਾਬ ਰੱਖਣ ਦਾ ਯਤਨ ਕਰਦੇ ਹਨ? ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ। ਆਪਾਂ ਕਿਸੇ ਤੋਂ ਕੀ ਲੈਣਾ? ਅਜਿਹੀ ਸੋਚ ਰੱਖ ਕੇ ਜ਼ਿੰਦਗੀ ਦਾ ਸਮਾਂ ਲੰਘਾਉਣ ਵਾਲੇ ਲੋਕਾਂ ਦੀ ਜ਼ਿੰਦਗੀ ਦੀ ਫੇਸਬੁੱਕ ਘਸਮੈਲੀ ਤਸਵੀਰ ਵਾਂਗ ਹੀ ਹੁੰਦੀ ਹੈ।

ਮਨ 'ਚ ਕੋਈ ਵਲ ਫੇਰ ਨਾ ਰੱਖਣਾ, ਸਾਫ ਸਪੱਸ਼ਟ ਗੱਲ ਕਹਿਣ ਦੀ ਹਿੰਮਤ ਰੱਖਣਾ, ਸਵਾਰਥ ਤੋਂ ਪਰਮਾਰਥ ਨੂੰ ਤਰਜੀਹ ਦੇਣਾ, ਅਕਾਲ ਦੇ ਹੁਕਮ 'ਚ ਰਹਿਣਾ, ਧਰਤੀ ਨਾਲ ਜੁੜ ਕੇ ਰਹਿਣਾ ਤੇ ਸਬਰ ਸੰਤੋਖ 'ਚ ਪੂਰਾ-ਪੂਰਾ ਵਿਸ਼ਵਾਸ ਰੱਖਣਾ ਜ਼ਿੰਦਗੀ ਦੀ ਫੇਸਬੁੱਕ ਨੂੰ ਸਦਾ ਸਾਫ ਸੁਥਰਾ ਰੱਖਦਾ ਹੈ। ਜਿਹੜੇ ਲੋਕ ਇਨ੍ਹਾਂ ਮਹੱਤਵ ਪੂਰਨ ਤੱਥਾਂ ਨੂੰ ਧਿਆਨ 'ਚ ਰੱਖਦਿਆਂ ਜ਼ਿੰਦਗੀ ਦੀ ਫੇਸਬੁੱਕ ਨੂੰ ਮੇਨਟੇਨ ਰੱਖਦੇ ਹਨ, ਉਹ ਮੌਤ ਤੋਂ ਬਾਅਦ ਵੀ ਇਸ ਧਰਤੀ 'ਤੇ ਜਿਉਂਦੇ ਰਹਿੰਦੇ ਹਨ ਕਿਉਂਕਿ ਲੋਕ ਉਨ੍ਹਾਂ ਦੀ ਚੰਗਿਆਈ ਦੀ ਚਰਚਾ ਕਦੇ ਨਾ ਕਦੇ ਕਰਦੇ ਰਹਿੰਦੇ ਹਨ।

ਇਕ ਪੱਤਰਕਾਰ ਸੱਜਣ ਨਾਲ ਪਿਛਲੇ ਦਿਨੀਂ ਨਵੀਂ ਤਕਨਾਲੋਜੀ ਦੇ ਸਾਧਨਾਂ ਦੀ ਵਰਤੋਂ ਠੀਕ ਢੰਗ ਨਾਲ ਕਰਨ ਬਾਰੇ ਚਰਚਾ ਹੋ ਰਹੀ ਸੀ। ਉਸ ਨੇ ਕਿਹਾ ਕਿ ਇਨ੍ਹਾਂ ਸਾਧਨਾਂ ਦੀ ਠੀਕ ਵਰਤੋਂ ਕਰਨਾ ਵੀ ਜ਼ਿੰਦਗੀ ਦੀ ਫੇਸਬੁੱਕ ਦਾ ਹੀ ਇਕ ਹਿੱਸਾ ਹੈ। ਇਕ ਵਕੀਲ ਸੱਜਣ ਨੇ ਮੇਰੇ ਵਟਸਐਪ 'ਤੇ ਇਕ ਅਜਿਹਾ ਗੰਦਾ ਸੁਨੇਹਾ ਭੇਜਿਆ ਕਿ ਮੈਨੂੰ ਉਸ ਸੁਨੇਹੇ ਨੂੰ ਪੜ੍ਹਦੇ ਵੀ ਸ਼ਰਮ ਆ ਰਹੀ ਸੀ। ਮੈਂ ਉਸ ਨੂੰ ਫੋਨ ਕਰਕੇ ਕਿਹਾ ਕਿ ਵਕੀਲ ਸਾਹਿਬ, ਇਹ ਅਸ਼ਲੀਲ ਸੁਨੇਹਾ ਭੇਜਣ ਤੋਂ ਪਹਿਲਾਂ ਤੁਹਾਨੂੰ ਸੋਚਣਾ ਚਾਹੀਦਾ ਸੀ ਕਿ ਮੈਂ ਇਸ ਤਰ੍ਹਾਂ ਦਾ ਇਨਸਾਨ ਹਾਂ ਜਾਂ ਨਹੀਂ। ਵਕੀਲ ਸਾਹਿਬ ਮੇਰੇ ਸ਼ਬਦ ਸੁਣ ਕੇ ਮਾਫੀ ਮੰਗਦੇ ਸਾਹ ਨਹੀਂ ਸੀ ਲੈ ਰਹੇ। ਉਨ੍ਹਾਂ ਨੇ ਆਪਣੇ ਮੋਬਾਈਲ ਤੋਂ ਘੱਟੋ-ਘੱਟ ਵੀਹ ਵਾਰ ਗਲਤੀ ਮੰਨਣ ਦਾ ਸੁਨੇਹਾ ਭੇਜਿਆ। ਸਾਡੀ ਮਾੜੀ ਚੰਗੀ ਸੋਚ, ਸਾਡਾ ਚੰਗਾ ਮਾੜਾ ਬੋਲਣਾ, ਸਮਾਜ 'ਚ ਵਿਚਰਨਾ ਸਮਾਜ 'ਚ ਸਾਡੇ ਪ੍ਰਭਾਵ ਨੂੰ ਚੰਗਾ ਮਾੜਾ ਬਣਾਉਂਦਾ ਹੈ। ਇਹੋ ਸਾਡੀ ਜ਼ਿੰਦਗੀ ਦੀ ਫੇਸਬੁੱਕ ਹੈ।

ਸਾਡੇ ਦਿੱਲੀ ਵਸਦੇ ਇਕ ਰਿਸ਼ਤੇਦਾਰ ਨੇ ਆਪਣੇ ਪਿੰਡ ਜ਼ਮੀਨ ਵੇਚਣੀ ਸੀ। ਉਸ ਨੂੰ ਦਿੱਲੀ ਜਾ ਵਸਿਆਂ ਘੱਟੋ-ਘੱਟ ਪੰਜਾਹ ਸਾਲ ਦਾ ਅਰਸਾ ਹੋ ਚੁੱਕਾ ਹੈ। ਉਸ ਨੇ ਪਿੰਡ ਦੇ ਦਸ ਪੰਜਾਹ ਲੋਕਾਂ ਨੂੰ ਕਿਹਾ ਕਿ ਉਹ ਆਪਣੀ ਪੰਜ ਕਿੱਲੇ ਜ਼ਮੀਨ ਵੇਚਣੀ ਚਾਹੁੰਦਾ ਹੈ। ਉਸ ਨੇ ਲੋਕਾਂ ਨੂੰ ਆਪਣਾ ਭਾਅ ਵੀ ਦੱਸ ਦਿੱਤਾ। ਪਿੰਡ ਦੇ ਲੋਕਾਂ ਨੇ ਸੋਚਿਆਂ ਕਿ ਦਿੱਲੀ ਵਸਦੇ ਵਿਅਕਤੀ ਨੂੰ ਜ਼ਮੀਨ ਦੇ ਭਾਅ ਦਾ ਕੀ ਪਤਾ? ਕਿਸੇ ਨੇ ਉਸ ਦੇ ਭਾਅ ਅਨੁਸਾਰ ਉਸ ਦੀ ਜ਼ਮੀਨ ਲੈਣ ਨੂੰ ਹਾਂ ਨਹੀਂ ਕੀਤੀ ਪਰ ਇਕ ਭੋਲਾ ਜਿਹਾ ਬੰਦਾ ਉਸ ਦੀ ਜ਼ਮੀਨ ਖਰੀਦਣ ਨੂੰ ਮੰਨ ਗਿਆ ਤੇ ਨਾਲ ਕਿਹਾ ਕਿ ਜ਼ਮੀਨ ਦੀ ਰਜਿਸਟਰੀ ਪੂਰੇ ਛੇ ਮਹੀਨੇ ਬਾਅਦ ਕਰਾਏਗਾ। ਉਸ ਨੇ ਉਸ ਨੂੰ ਹਾਂ ਕਰ ਦਿੱਤੀ। ਜ਼ਮੀਨ ਖਰੀਦਣ ਵਾਲੇ ਨੇ ਨਾ ਕੁਝ ਲਿਆ ਤੇ ਨਾ ਕੁਝ ਦਿੱਤਾ। ਉਨ੍ਹਾਂ ਦਾ ਕੋਈ ਲਿਖ ਲਿਖਾ ਵੀ ਨਾ ਕੀਤਾ। ਉਸ ਨੇ ਜ਼ਮੀਨ ਖਰੀਦਣ ਵਾਲੇ ਨੂੰ ਕਿਹਾ ਕਿ ਉਹ ਛੇ ਮਹੀਨੇ ਬਾਅਦ ਆਵੇਗਾ ਤੇ ਉਹ ਰਕਮ ਤਿਆਰ ਰੱਖੇ। ਉਹ ਉਸ ਦੇ ਨਾਂ ਰਜਿਸਟਰੀ ਕਰ ਦੇਵੇਗਾ। ਐਨੀ ਗੱਲ ਕਹਿ ਕੇ ਉਹ ਦਿੱਲੀ ਨੂੰ ਤੁਰ ਗਿਆ।

ਜਦੋਂ ਪਿੰਡ ਦੇ ਲੋਕਾਂ ਨੂੰ ਜ਼ਮੀਨ ਦੇ ਸੌਦੇ ਦਾ ਪਤਾ ਲੱਗਾ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਹ ਸੋਚਣ ਲੱਗੇ ਕਿ ਇਹ ਸੌਦਾ ਬਹੁਤ ਸਸਤਾ ਹੋ ਗਿਆ। ਲੋਕ ਸਾਡੇ ਉਸ ਰਿਸ਼ਤੇਦਾਰ ਕੋਲ ਦਿੱਲੀ ਪਹੁੰਚ ਗਏ। ਉਹ ਉਸ ਨੂੰ ਸੌਦਾ ਤੋੜਨ ਲਈ ਕਹਿਣ ਲੱਗੇ। ਉਸ ਨੇ ਉਨ੍ਹਾਂ ਲੋਕਾਂ ਨੂੰ ਚਾਹ ਪਿਲਾਉਣ ਪਿੱਛੋਂ ਕਿਹਾ, 'ਮਿੱਤਰੋ! ਬੰਦੇ ਦੀ ਜ਼ੁਬਾਨ ਦੀ ਕੋਈ ਕੀਮਤ ਨਹੀਂ ਹੁੰਦੀ? ਮੈਂ ਚਾਰ ਧੇਲਿਆਂ ਦੇ ਲਾਲਚ 'ਚ ਆ ਕੇ ਆਪਣੀ ਜ਼ੁਬਾਨ ਤੋਂ ਪਿੱਛੇ ਨਹੀਂ ਹਟਣਾ। ਜੇ ਉਸ ਵਿਅਕਤੀ ਨੇ ਰਜਿਸਟਰੀ ਨਾ ਕਰਵਾਈ ਤਾਂ ਤੁਹਾਡੇ ਨਾਲ ਗੱਲ ਕਰਾਂਗਾ। ਛੇ ਮਹੀਨੇ ਦੀ ਉਡੀਕ ਕਰੋ।' ਉਸ ਨੇ ਉਸੇ ਵਿਅਕਤੀ ਨੂੰ ਜ਼ਮੀਨ ਦੀ ਰਜਿਸਟਰੀ ਕੀਤੀ। ਉਸ ਵਿਅਕਤੀ ਦੇ ਲਾਲਚੀ ਨਾ ਹੋਣ ਦੇ ਸਬੂਤ ਨੇ ਉਸ ਦੇ ਜ਼ਿੰਦਗੀ ਪ੍ਰਤੀ ਨਜ਼ਰੀਏ ਨੂੰ ਸਪੱਸ਼ਟ ਕਰ ਦਿੱਤਾ। ਉਸ ਦੇ ਇਸ ਗੁਣ ਨੇ ਉਸ ਨੂੰ ਚਰਚਾ ਦਾ ਵਿਸ਼ਾ ਬਣਾ ਦਿੱਤਾ। ਆਪਣੇ ਆਪ ਨੂੰ ਸਾਰੇ ਚੰਗਾ ਕਹਿ ਲੈਂਦੇ ਹਨ, ਬੰਦਾ ਤਾਂ ਉਹ ਹੈ ਜਿਸ ਨੂੰ ਦੂਜੇ ਲੋਕ ਚੰਗਾ ਕਹਿਣ।

# ਹਵਾਈ ਫੌਜ ਦੇ ਬਾਲਾਕੋਟ ਹਮਲੇ ਨੂੰ ਲੈ ਕੇ 'ਗੰਦੀ ਸਿਆਸਤ'

-ਹਰੀ ਜੈਸਿੰਘ

ਲੋਕ ਸਭਾ ਚੋਣਾਂ 'ਤੇ ਉਚੇ ਦਾਅ ਲੱਗੇ ਹੋਏ ਹਨ। ਹਰ ਚੀਜ਼ ਦਾ ਸਿਆਸਕਰਨ ਹੋ ਰਿਹਾ ਹੈ। ਇਥੋਂ ਤੱਕ ਕਿ ਭਾਰਤੀ ਹਵਾਈ ਫੌਜ ਵੱਲੋਂ ਬਾਲਾਕੋਟ 'ਤੇ ਕੀਤੇ ਗਏ ਦਲੇਰਾਨਾ ਹਮਲੇ ਵਰਗੇ ਸੰਵੇਦਨਸ਼ੀਲ ਸੁਰੱਖਿਆ ਮੁੱਦੇ 'ਤੇ ਵੀ ਗੰਦੀ ਸਿਆਸਤ ਹੋ ਰਹੀ ਹੈ। ਮੇਰਾ ਮੰਨਣਾ ਹੈ ਕਿ ਇਸ ਗੰਦੀ ਸਿਆਸੀ ਖੇਡ ਦੀ ਸ਼ੁਰੂਆਤ ਕਰਨ ਵਾਲੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਸਨ, ਜਿਨ੍ਹਾਂ ਨੇ ਲੋਕਾਂ ਸਾਹਮਣੇ ਹਵਾਈ ਹਮਲੇ ਵਿੱਚ ਮਰਨ ਵਾਲਿਆਂ ਦੀ ਗਿਣਤੀ 250 ਰੱਖੀ ਸੀ। ਅਮਿਤ ਸ਼ਾਹ ਨੂੰ ਇਹ ਅੰਕੜਾ ਸਰਕਾਰੀ ਸੂਤਰਾਂ ਤੋਂ ਮਿਲਿਆ ਜਾਂ ਸਿੱਧਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ, ਜਿਹੜੇ ਗੁਜਰਾਤ ਦੇ ਦਿਨਾਂ ਤੋਂ ਉਨ੍ਹਾਂ ਦੇ ਨੇੜਲੇ ਸਹਿਯੋਗੀ ਹਨ? ਮੈਂ ਇਸ ਬਾਰੇ ਯਕੀਨ ਨਾਲ ਕੁਝ ਨਹੀਂ ਕਹਿ ਸਕਦਾ, ਕਿਉਂਕਿ ਅੱਜ ਤੱਕ ਇਹ ਬਹੁਤ ਗੁਪਤ ਰਿਹਾ ਹੈ, ਪਰ ਕੁਝ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵੱਲੋਂ 26 ਫਰਵਰੀ ਦੇ ਬਾਲਾਕੋਟ ਹਵਾਈ ਹਮਲੇ ਉਤੇ 'ਸ਼ੱਕ' ਪ੍ਰਗਟਾਉਣ ਅਤੇ 'ਸਬੂਤ' ਮੰਗਣ ਨਾਲ ਪਹਿਲਾਂ ਹੀ ਨੁਕਸਾਨ ਹੋ ਚੁੱਕਾ ਹੈ।

ਇਹ ਬਹੁਤ ਅਫਸੋਸਨਾਕ ਹੈ ਕਿ ਚੋਣਾਂ ਦੀ ਚੂਹਾ ਦੌੜ ਤੇਜ਼ ਹੋ ਗਈ ਹੈ। ਕਾਂਗਰਸ ਦੇ ਆਗੂ ਦਿਗਵਿਜੇ ਸਿੰਘ ਨੇ ਮਹਿਬੂਬਾ ਮੁਫਤੀ ਅਤੇ ਮਮਤਾ ਬੈਨਰਜੀ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਪਿਛਲੇ ਐਤਵਾਰ (ਤਿੰਨ ਮਾਰਚ) ਨੂੰ ਹਮਲੇ ਦੇ ਸਬੂਤ ਮੰਗੇ ਅਤੇ ਕਿਹਾ ਸੀ ਕਿ 'ਜਿਸ ਤਰ੍ਹਾਂ ਅਮਰੀਕਾ ਨੇ ਲਾਦੇਨ ਵਿਰੁੱਧ ਕਾਰਵਾਈ ਦੇ ਪੱਕੇ ਸਬੂਤ ਦੁਨੀਆ ਨੂੰ ਦਿੱਤੇ ਸਨ, ਸਾਨੂੰ ਵੀ ਆਪਣੇ ਹਵਾਈ ਹਮਲੇ ਦੇ ਮਾਮਲੇ ਵਿੱਚ ਅਜਿਹਾ ਹੀ ਕਰਨਾ ਚਾਹੀਦਾ ਹੈ।'

ਦਿਗਵਿਜੇ ਸਿੰਘ ਜ਼ਬਰਦਸਤ ਓਸਾਮਾ ਬਿਨ ਲਾਦੇਨ ਆਪਰੇਸ਼ਨ ਨਾਲ ਪੁਲ-ਵਾਮਾ ਵਾਲੇ ਦਹਿਸ਼ਤਗਰਦ ਹਮਲੇ ਦੀ ਪ੍ਰਤੀਕਿਰਿਆ ਵਿੱਚ ਬਾਲਾਕੋਟ ਵਾਲੇ ਸਾਧਾਰਨ ਹਵਾਈ ਹਮਲੇ ਦੀ ਤੁਲਨਾ ਕਿਵੇਂ ਕਰਦੇ ਹਨ। ਪੁਲਵਾਮਾ ਵਿੱਚ ਜੈਸ਼-ਏ-ਮੁਹੰਮਦ ਵੱਲੋਂ ਟ੍ਰੇਂਡ ਇਕ ਸਥਾਨਕ ਕਸ਼ਮੀਰੀ ਆਤਮਘਾਤੀ ਬੰਬ ਹਮਲਾਵਰ ਨੇ ਸ੍ਰੀਨਗਰ ਨੂੰ ਚੱਲੇ ਸੀ ਆਰ ਪੀ ਐਫ ਦੇ ਕਾਫਿਲੇ ਵਿਰੁੱਧ ਹਮਲਾ ਕੀਤਾ ਸੀ। ਅਮਰੀਕੀ ਸਰਕਾਰ ਨੂੰ ਵੀ ਓਸਾਮਾ ਬਿਨ ਲਾਦੇਨ ਦੀ ਸਮੁੰ-ਦਰ ਵਿੱਚ ਸਮਾਧੀ ਬਣਾਏ ਜਾਣ ਦਾ ਵੇਰਵਾ ਪੇਸ਼ ਕਰਨ ਵਿੱਚ ਕਈ ਮਹੀਨੇ ਲੱਗ ਗਏ ਸਨ।

ਕੀ ਕਾਂਗਰਸ ਦੇ ਗੈਰ ਜ਼ਿੰਮੇਵਾਰ ਨੇਤਾ ਨੂੰ ਅਹਿਸਾਸ ਹੈ ਕਿ ਉਹ ਦੇਸ਼ ਨੂੰ ਗੁੰਮਰਾਹ ਕਰਨ ਲਈ ਅਸਿੱਧੇ ਤੌਰ ਉਤੇ ਭਾਰਤੀ ਹਵਾਈ ਫੌਜ ਨੂੰ ਦੋਸ਼ ਦੇ ਰਹੇ ਹਨ? ਕੀ ਉਨ੍ਹਾਂ ਨੂੰ ਨਹੀਂ ਪਤਾ ਕਿ ਭਾਰਤੀ ਫੌਜਾਂ ਆਪਣੀਆਂ ਕਾਰਵਾਈਆਂ ਕਰਨ 'ਚ ਬਹੁਤ ਨਿਪੁੰਨ ਅਤੇ ਭਰੋਸੇ ਯੋਗ ਹਨ ਅਤੇ ਭਾਰਤੀ ਸੁਰੱਖਿਆ ਫੋਰਸਾਂ ਕਿਸੇ ਦੀ ਸਿਆਸੀ ਜਾਗੀਰ ਨਹੀਂ ਹਨ?

ਮੌਜੂਦਾ ਵਿਵਾਦ ਦੇ ਵਿਚਾਲੇ ਹਵਾਈ ਫੌਜ ਦੇ ਮੁਖੀ ਬੀ ਐਸ ਧਨੋਆ ਨੇ ਚਾਰ ਮਾਰਚ ਨੂੰ ਕਿਹਾ ਕਿ ਹਵਾਈ ਫੌਜ ਇਸ ਸਥਿਤੀ 'ਚ ਨਹੀਂ ਕਿ ਸਪੱਸ਼ਟ ਕਰ ਸਕੇ ਕਿ ਕਿੰਨੇ ਲੋਕ ਉਥੇ ਅੰਦਰ ਸਨ, ਭਾਵ ਨਿਸ਼ਾਨੇ ਹੇਠਾਂ ਸਨ, ਅਸੀਂ ਮਨੁੱਖੀ




ਲਾਸ਼ਾਂ ਨਹੀਂ ਗਿਣਦੇ, ਇਹ ਗਿਣਦੇ ਹਾਂ ਕਿ ਕਿੰਨੇ ਨਿਸ਼ਾਨੇ ਲੱਗੇ ਜਾਂ ਨਹੀਂ ਲੱਗੇ। ਧਨੋਆ ਨੇ ਕਿਹਾ ਕਿ ਇਹ ਸਰਕਾਰ ਦਾ ਕੰਮ ਹੈ ਕਿ ਉਹ ਮਾਰੇ ਗਏ ਅੱਤਵਾਦੀਆਂ ਦੀ ਗਿਣਤੀ ਦਾ ਵੇਰਵਾ ਦੱਸੇ। ਫਿਰ ਭਾਰਤੀ ਹਵਾਈ ਫੌਜ ਨੇ ਸਰਕਾਰ ਨੂੰ ਇੱਕ ਸੈਟੇਲਾਈਟ ਤਸਵੀਰਾਂ ਦੀ ਰਿਪੋਰਟ ਸੌਂਪੀ ਅਤੇ ਰਾਇਟਰਸ ਦੀ 'ਪਲੈਨੇਟ ਲੈਬਸ ਇਮੇਜਿਸ ਰਿਪੋਰਟ' ਦਾ ਖੰਡਨ ਕੀਤਾ ਹੈ। ਭਾਰਤੀ ਹਵਾਈ ਫੌਜ ਨੇ ਮਿੱਥੇ ਨਿਸ਼ਾਨਿਆਂ ਉੱਤੇ ਪੂਰੀ ਸਟੀਕਤਾ ਅਤੇ ਸਫਲਤਾ ਨਾਲ ਹਮਲਾ ਕੀਤਾ ਹੈ।

ਕੰਟਰੋਲ ਲਾਈਨ ਦੇ ਪਾਰ ਹਮਲਾ ਕਰਕੇ ਭਾਰਤੀ ਹਵਾਈ ਫੌਜ ਨੇ ਇਕ ਬੜੀ ਗੁੰਝਲਦਾਰ ਮੁਹਿੰਮ ਹੇਠ ਕਾਰਵਾਈ ਕਰਨ ਦੀ ਆਪਣੀ ਸਮਰੱਥਾ ਦਿਖਾਈ ਹੈ, ਜਿਸ ਦੇ ਲਈ ਵੱਖ-ਵੱਖ ਤਰ੍ਹਾਂ ਦੇ ਜਹਾਜ਼ਾਂ ਤੇ ਹੁਨਰ ਵਿਚਾਲੇ ਬਹੁਤ ਤਾਲਮੇਲ ਦੀ ਲੋੜ ਸੀ। ਭਾਰਤੀ ਹਵਾਈ ਫੌਜ ਨੇ ਇਸ ਦਾ ਬਿਹਤਰੀਨ ਪ੍ਰਦਰਸ਼ਨ ਕੀਤਾ ਹੈ। ਇਸ ਲਈ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਇਸ ਮੁੱਦੇ ਦੇ ਸਿਆਸੀਕਰਨ ਵਿੱਚ ਸਮਾਂ ਬਰਬਾਦ ਕਰਨ ਦੀ ਲੋੜ ਨਹੀਂ। ਉਨ੍ਹਾਂ ਨੂੰ ਅਹਿਸਾਸ ਕਰਨਾ ਚਾਹੀਦਾ ਹੈ ਕਿ ਸਿਆਸੀ ਤੌਰ 'ਤੇ ਮੋਦੀ ਸਰਕਾਰ ਨੂੰ ਠੇਸ ਪੁਚਾਉਣ ਦੀ ਥਾਂ ਉਹ ਸਿਰਫ ਭਾਰਤੀ ਹਵਾਈ ਫੌਜ ਦੀ ਸੰਵਨੇਦਨਸ਼ੀਲਤਾ ਨੂੰ ਠੇਸ ਪਹੁੰਚਾ ਰਹੇ ਹਨ। ਅਜਿਹਾ ਨਹੀਂ ਕਿ ਇਸ ਘਟੀਆ ਸਿਆਸਤ ਨਾਲ ਭਾਰਤੀ ਫੌਜਾਂ ਦਾ ਮਨੋਬਲ ਡਿੱਗੇਗਾ, ਫਿਰ ਵੀ ਮੈਂ ਆਸ ਕਰਦਾ ਹਾਂ ਕਿ ਵਿਰੋਧੀ ਧਿਰ ਦੇ ਨੇਤਾ ਆਪਣੇ ਨਿੱਜੀ ਅਤੇ ਪਾਰਟੀ ਦੇ ਹਿੱਤਾਂ ਤੋਂ ਉਪਰ ਉਠ ਕੇ ਸੋਚਣਗੇ ਅਤੇ ਕਾਰਵਾਈ ਦੀ ਕੌਮੀ ਮੁੱਖ ਧਾਰਾ ਨਾਲ ਚੱਲਣਗੇ। ਕਿਸੇ ਮੁੱਦੇ ਨੂੰ ਉਠਾਉਣ ਵਾਲੇ ਕਿਸੇ ਵੀ ਅਪੋਜ਼ੀਸ਼ਨ ਲੀਡਰ ਨੂੰ ਰਾਸ਼ਟਰ ਵਿਰੋਧੀ ਜਾਂ ਪਾਕਿਸਤਾਨੀ ਏਜੰਟ ਕਹਿਣਾ ਗਲਤ ਅਤੇ ਅਨੈਤਿਕ ਹੈ। ਉਸ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਸੀਂ ਇਕ ਲੋਕਤੰਤਰਿਕ ਦੇਸ਼ 'ਚ ਰਹਿ ਰਹੇ ਹਾਂ, ਨਾ ਕਿ ਕਿਸੇ ਤਾਨਾਸ਼ਾਹ ਦੇ ਅਧੀਨ।

ਕਈ ਹੋਰ ਵੱਡੇ ਮੁੱਦੇ ਵੀ ਹਨ, ਜਿਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਜਿਨ੍ਹਾਂ ਦੀ ਹੋਂਦ ਫੌਜ ਦੇ ਸਹਾਰੇ ਹੈ, ਪਿਛਲੇ ਕੁਝ ਦਿਨਾਂ ਤੋਂ ਅੱਗ ਉਗਲ ਰਹੇ ਹਨ ਅਤੇ ਸ਼ਾਂਤੀ ਦੇ ਪੈਗਾਮ ਦਿੰਦਿਆਂ ਨਵੀਂ ਦਿੱਲੀ ਨਾਲ ਗੱਲਬਾਤ ਵੀ ਕਰਨਾ ਚਾਹੁੰਦੇ ਹਨ। ਕੀ ਅੱਤਵਾਦ ਤੇ ਦੁਵੱਲੀ ਗੱਲਬਾਤ ਦੋਵੇਂ ਨਾਲੋ-ਨਾਲ ਚੱਲ ਸਕਦੇ ਹਨ? ਇਸ ਬਾਰੇ ਅਸੀਂ ਪਾਕਿਸਤਾਨ ਦੇ ਪਿਛੋਕੜ ਤੋਂ ਜਾਣੂ ਹਾਂ। ਇਸ ਦੀ ਇਕ ਨਾਂਹ ਪੱਖੀ ਮਾਨਸਿਕਤਾ ਹੈ, ਜਿਸ ਨੂੰ ਆਈ ਐਸ ਆਈ ਅਤੇ ਫੌਜ ਵੱਲੋਂ ਕੰਟਰੋਲ ਕੀਤਾ ਜਾਂਦਾ ਹੈ। ਇਸ ਗੁੰਝਲਦਾਰ ਵਿਵਸਥਾ ਵਿੱਚ ਮੇਰਾ ਮੰਨਣਾ ਹੈ ਕਿ ਗੱਲਬਾਤ ਨਾਲ ਕੋਈ ਉਦੇਸ਼ ਹਾਸਲ ਨਹੀਂ ਹੋਣਾ। ਸਾਡੇ ਸਾਹਮਣੇ ਸਿਰਫ ਇਕ ਬਦਲ ਹੈ ਕਿ ਉਡੀਕ ਕਰੀਏ ਅਤੇ ਦੇਖੀਏ ਕਿ ਭਵਿੱਖ 'ਚ ਪਾਕਿਸਤਾਨ ਦੀ ਸਥਿਤੀ ਕੀ ਰੁਖ਼ ਧਾਰਨ ਕਰਦੀ ਹੈ? ਅਸੀਂ ਇਸ ਗੱਲ ਬਾਰੇ ਯਕੀਨੀ ਨਹੀਂ ਹੋ ਸਕਦੇ ਕਿ ਜੈਸ਼-ਏ-ਮੁਹੰਮਦ ਦੇ ਗੁਰਗਿਆਂ ਵਿਰੁੱਧ ਇਸਲਾਮਾਬਾਦ ਦੀ ਕਾਰਵਾਈ ਕਿੰਨੀ ਕੁ ਗੰਭੀਰ ਹੈ, ਜਿਸ ਵਿੱਚ ਜਮਾਤ-ਉਦ-ਦਾਵਾ ਅਤੇ ਫਲਾਹ-ਏ-ਇਨਸਾਨੀਅਤ ਫਾਊਂਡੇਸ਼ਨ 'ਤੇ ਪਾਬੰਦੀ ਲਾਉਣਾ ਵੀ ਸ਼ਾਮਲ ਹੈ।

ਆਪਣੇ ਘਰੇਲੂ ਮਾਹੌਲ ਵੱਲ ਵਾਪਸ ਆਉਂਦਿਆਂ ਮੈਂ ਆਸ ਕਰਦਾ ਹਾਂ ਕਿ ਸਾਡੇ ਨੇਤਾ ਮੁੱਦਿਆਂ ਅਤੇ ਗੈਰ ਮੁੱਦਿਆਂ ਦਾ ਸਿਆਸੀਕਰਨ ਨਹੀਂ ਕਰਨਗੇ ਕਿਉਂਕਿ ਸਾਡੇ ਸਾਹਮਣੇ ਕਰਨ ਲਈ ਵੱਡਾ ਕੰਮ ਹੈ। ਉਹ ਸਿਆਸੀ ਨਹੀਂ, ਸਗੋਂ ਇਕ ਬਹੁਤ ਗੁੰਝਲਦਾਰ ਪੇਸ਼ੇਵਰ ਕੰਮ ਹੈ, ਜਿਸ ਨੂੰ ਗੈਰ ਸਿਆਸੀ ਤੇ ਯੋਗ ਵਿਅਕਤੀਆਂ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ।

ਦੂਜਾ, ਸਾਨੂੰ ਸਿਵਲੀਅਨ ਅਤੇ ਫੌਜੀ ਤਾਲਮੇਲ ਵਿਚਾਲੇ ਬਿਹਤਰੀ ਲਈ ਇਕ ਭਰੋਸੇਯੋਗ ਯੋਜਨਾ 'ਤੇ ਕੰਮ ਕਰਨਾ ਪਵੇਗਾ। ਇਸ ਤਾਲਮੇਲ ਦੀ ਘਾਟ ਸਾਨੂੰ ਮੁੰਬਈ 'ਚ ਪਾਕਿਸਤਾਨੀ ਅੱਤਵਾਦੀਆਂ ਵੱਲੋਂ ਕੀਤੇ ਗਏ 9/11 ਦੇ ਹਮਲੇ ਦੌਰਾਨ ਦੇਖਣ ਨੂੰ ਮਿਲੀ ਸੀ। ਬੰਦੂਕ ਇਕ ਸੱਭਿਅਕ ਰਸਤਾ ਨਹੀਂ ਤੇ ਜੋ ਲੋਕ ਲੋਕਰਾਜੀ ਪ੍ਰਕਿਰਿਆ 'ਚ ਯਕੀਨ ਕਰਦੇ ਹਨ, ਉਹ ਸਮਝ ਲੈਣ ਕਿ ਉਨ੍ਹਾਂ ਨੂੰ ਬੰਦੂਕ ਚੁੱਕਣ ਨਾਲ ਕੁਝ ਨਹੀਂ ਮਿਲੇਗਾ।

# ਪਰਗਟ ਸਿੰਘ ਦੀ ਗੀਤਕਾਰੀ ਦਾ ਪੰਜਾਬੀ ਮੁਹਾਵਰਾ

-ਹਰਪ੍ਰੀਤ ਸਿੰਘ ਕਾਹਲੋਂ-

ਉਸ ਕੋਲ ਸੁਹਜ ਸੀ, ਸਹਿਜ ਸੀ, ਪਿੰਡ ਦੀ ਰੂਹ ਸੀ। ਉਸ ਕੋਲ ਪਿੰਡ ਵਾਲਿਆਂ ਦਾ ਕੈਨਵਸ ਸੀ। ਉਸ ਕੈਨਵਸ ਨੂੰ ਉਹ ਆਪਣੀ ਗੀਤਕਾਰੀ 'ਚ ਤਰਾਸ਼ਦਾ ਸੀ ਅਤੇ ਉਹਦੀ ਗੀਤਕਾਰੀ ਮੁਕੰਮਲ ਪੰਜਾਬ ਦਾ ਵਹੀ-ਖਾਤਾ ਮਹਿਸੂਸ ਹੁੰਦਾ ਸੀ। ਜਿਸ ਬੰਦੇ ਨੇ ਆਪਣੇ ਹਰਫਾਂ ਨਾਲ ਗੀਤਕਾਰੀ ਅੰਦਰ ਦੀ ਕਾਵਿਕਤਾ ਨੂੰ ਜਿਊਂਦਾ ਰੱਖਿਆ ਅਤੇ ਆਪਣੇ ਗੀਤ ਚਾਹੇ ਉਹ ਕਿਸੇ ਵੀ ਵਿਧਾ ਦੇ ਹੋਣ, ਉਸ 'ਚੋਂ ਮਿੱਟੀ ਦਾ ਮੁਹਾਵਰਾ ਗਾਵਚਣ ਨਾ ਦਿੱਤਾ ਹੋਵੇ, ਉਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ ਹੈ। ਪੰਜਾਬੀ ਗੀਤਕਾਰ ਪਰਗਟ ਸਿੰਘ ਲਿੱਦੜਾਂ ਦੇ ਤੁਰ ਜਾਣ ਨਾਲ ਪੰਜਾਬੀ ਗੀਤਕਾਰੀ ਦੇ ਸਾਦ ਮੁਰਾਦੇ ਵਰਤਾਰੇ ਦੀ ਘਾਟ ਸਦਾ ਮਹਿਸੂਸ ਹੁੰਦੀ ਰਹੇਗੀ।

ਪਰਗਟ ਸਿੰਘ ਦੇ ਗੀਤਾਂ ਵਿੱਚ ਪੰਜਾਬ ਦੇ ਕਾਰ ਵਿਹਾਰ ਦੇ ਸੁਭਾਅ ਨੂੰ ਪੇਸ਼ ਕਰਨ ਦੀ ਸਮਝ ਸੀ। ਉਨ੍ਹਾਂ ਦੇ ਗੀਤਾਂ ਵਿੱਚ ਮਹਿਸੂਸ ਹੁੰਦਾ ਸੀ ਕਿ ਪੰਜਾਬ ਦੇ ਪਿੰਡ ਜਿਊਂਦੇ ਕਿਵੇਂ ਹੋਣਗੇ। ਇਸ ਗੀਤ ਦਾ ਨਮੂਨਾ ਪੜ੍ਹੋ :

ਜਿਸ ਵੇਲੇ ਕਣਕ ਨੂੰ ਪਹਿਲਾ ਪਾਣੀ  
ਲਾਉਂਦੇ ਜੱਟ  
ਤੋਰੀਏ ਨੂੰ ਪੈਂਦੇ ਜਦੋਂ ਪੀਲੇ ਪੀਲੇ  
ਫੁੱਲ ਵੇ...

ਬਤੌਰ ਗੀਤਕਾਰ ਪਰਗਟ ਸਿੰਘ ਦੀ ਗੀਤਕਾਰੀ 'ਚ ਮੈਨੂੰ ਉਨ੍ਹਾਂ ਦੀ ਇਹ ਤਰਾਸ਼ ਬਹੁਤ ਸੋਹਣੀ ਲੱਗਦੀ ਹੈ। ਉਨ੍ਹਾਂ ਦੇ ਸਿਰਜੇ ਪ੍ਰੇਮ ਗੀਤ ਦੀ ਤਰਜ 'ਚ ਮੁਹੱਬਤ ਦੇ ਪ੍ਰਗਟਾਵੇ ਵਿੱਚ ਵੀ ਪੰਜਾਬ ਦਾ ਮੁਹਾਵਰਾ ਨਹੀਂ ਗਵਾਚਦਾ। ਉਨ੍ਹਾਂ ਦੇ ਅਣਗਿਣਤ ਗੀਤ ਹਨ, ਜੋ ਹੈ ਤਾਂ ਪ੍ਰੇਮ ਗੀਤ, ਪਰ ਉਨ੍ਹਾਂ ਵਿੱਚ ਪੰਜਾਬ ਦੇ ਸਮੇਂ, ਮੌਸਮ, ਮਾਹੌਲ, ਪੇਂਡੂ ਜ਼ਿੰਦਗੀ ਦਾ ਕਰਾਫਟ ਉਚੇਚਾ ਮਹਿਸੂਸ ਹੋਵੇਗਾ। ਉਨ੍ਹਾਂ ਦੇ ਗੀਤਾਂ 'ਚ ਵੈਰਾਗ ਹੈ। ਸਾਂਝਾ ਪੰਜਾਬ ਹੈ। ਪਰਗਟ ਦੇ ਗੀਤਾਂ 'ਚ ਪੰਜਾਬ ਦਾ ਉਹ ਲੋਕ ਮੁਹਾਵਰਾ ਵੀ ਮਹਿਸੂਸ ਹੁੰਦਾ ਹੈ, ਜਿਹੜਾ ਗੁਰਬਾਣੀ ਅਤੇ ਸਾਧ ਬਾਣੀ ਦੀ ਸਮਝ ਤੋਂ ਪੈਦਾ ਹੋਇਆ।

ਮਨ ਦਾ ਪੰਛੀ ਕੈਦ ਇਥੋਂ ਹੁਣ  
ਉਡਣਾ ਚਾਹਵੇ,  
ਇਸ ਨਿਰਮੋਹੀ ਨਗਰੀ ਦਾ ਮਾਏਂ  
ਹੁਣ ਮੋਹ ਨਾ ਆਵੇ...

ਪਰਗਟ ਬਦਲ ਰਹੇ ਦੌਰ ਦੇ ਨਵੇਂ ਜ਼ਮਾਨੇ ਦਾ ਪੰਜਾਬ 'ਤੇ ਪੈਂਦਾ ਅਸਰ ਵੇਖ ਰਿਹਾ ਹੈ ਤੇ ਖਿੰਡੇ ਪੰਜਾਬ ਦੇ ਨਿਸ਼ਾਨ ਵੀ ਮਹਿਸੂਸ ਕਰਦਾ ਹੈ। ਉਨ੍ਹਾਂ ਦੀ ਗੀਤਕਾਰੀ ਵਿੱਚ ਅਜਿਹਾ ਹੋਣਾ ਸ਼ਾਇਦ ਇਸ ਕਰ ਕੇ ਹੋਵੇ ਕਿਉਂਕਿ ਉਹ ਪੁਰਾਣੀ ਤੇ ਨਵੀਂ ਸਦੀ ਦੇ ਵਿਚਕਾਰ ਦੇ ਬੰਦੇ ਹਨ। ਅਜਿਹੀਆਂ ਕਈ ਉਦਾਹਰਣਾਂ ਹਨ, ਜਿਨ੍ਹਾਂ 'ਚ ਉਨ੍ਹਾਂ ਦੇ ਗੀਤ ਦੀ ਬਣਤਰ ਦਾ ਧੁਰਾ ਚਾਹੇ ਪ੍ਰੇਮ ਕਹਾਣੀ ਹੀ ਹੋਵੇ, ਪਰ ਉਨ੍ਹਾਂ ਦੀ ਬਤੌਰ ਗੀਤਕਾਰ ਚਿੰਤਾ ਉਸ ਤੋਂ ਕਿਤੇ ਵੱਡੀ ਹੈ।

ਹੁਣ ਰੱਬੀ ਜਾਂ ਸਬੱਬੀ ਮੇਲ ਹੋਣਗੇ ਵੇ,  
ਵੰਡੇ ਹੋਏ ਪੰਜਾਬ ਦੀ ਤਰ੍ਹਾਂ

ਪਰਗਟ ਸਿੰਘ ਜਦੋਂ ਪੰਜਾਬ ਦੀ ਕੁੜੀ ਦੀ ਵਡਿਆਈ ਕਰਦੇ ਹਨ ਤਾਂ ਉਹ ਸਮੁੱਚੀ ਗੀਤਕਾਰੀ ਤੋਂ ਬਹੁਤ ਵੱਖਰੀ ਹੈ। ਪੰਜਾਬ ਦੇ ਗੀਤਾਂ ਵਿੱਚ ਕਾਮੁਕਤਾ ਦਾ ਬਿਆਨ ਘੱਟ ਹੈ, ਲੱਚਰਤਾ ਵੱਧ ਹੈ। ਇਹ ਬਹਿਸ ਸਦਾ ਤੁਰਦੀ ਰਹੀ ਹੈ ਕਿ ਪੰਜਾਬੀ ਗੀਤਕਾਰੀ ਜਨਾਨੀ ਵਿਰੋਧੀ, ਹਥਿਆਰਾਂ, ਜਾਤਾਂ ਦਾ ਮਾਣ ਤੇ ਕਾਰਾਂ ਟਰੈਕਟਰਾਂ ਦਾ ਗੁਣਗਾਨ ਵੱਧ ਹੈ। ਗੀਤਕਾਰੀ ਸਾਹਿਤ ਦੀ ਵਿਧਾ ਹੈ ਤੇ ਕਾਮੁਕਤਾ ਬੰਦੇ ਦੇ ਜਜ਼ਬਾਤ ਦਾ ਹਿੱਸਾ ਹੈ। ਪਹਿਲਾਂ ਦੀ ਗੀਤਕਾਰੀ ਤੋਂ ਲੈ ਕੇ ਲੋਕ ਗੀਤਾਂ 'ਚ ਵੀ ਇਹ ਦੀ ਛੋਹ ਮਿਲੇਗੀ, ਪਰ ਅਜੋਕੀ ਗੀਤਕਾਰੀ 'ਚ ਇਹ ਵੱਖਰੀ ਹੈ। ਲੋਕ ਗੀਤਾਂ ਵਿੱਚ ਉਹ ਸਹਿਜ ਜਜ਼ਬਾਤ ਦਾ ਹਿੱਸਾ ਹੈ, ਪਰ ਅੱਜ ਪੂਰਾ ਸੋਚ ਸਮਝ ਕੇ ਮਿੱਥ ਕੇ ਪੇਸ਼ ਕੀਤਾ ਲੱਚਪੁਣਾ ਹੈ। ਪਰਗਟ ਸਿੰਘ ਦੀ ਗੀਤਕਾਰੀ 'ਚ ਕੁੜੀ ਦੇ ਸੁਹੱਪਣ ਦਾ ਸੁਹਜ ਵੀ ਪੰਜਾਬ ਦੀ ਖੂਬਸੂਰਤੀ ਦੇ ਬਿੰਬ ਮਾਰਫਤ ਜ਼ਿਕਰ 'ਚ ਆਉਂਦੀ ਹੈ। ਗੀਤ ਪੰਜਾਂ ਪਾਣੀਆਂ ਦੀ ਹੂਰ ਦੀ ਇਹ ਸਤਰ ਪੜ੍ਹੋ :

ਤੇਰਾ ਮਾਲਵੇ ਦੇ ਟਿੱਬਿਆਂ ਦੀ ਰੇਤ  
ਜਿਹਾ ਰੰਗ  
ਜਾਂ  
ਚੰਨ ਚਾਨਣੀ ਰਾਤ ਤੋਂ ਹਨੇਰਾ ਹੋ  
ਗਿਆ  
ਇੱਕੋ ਚੰਨ ਸੀ ਅੰਬਰੀਂ ਬੱਦਲਾਂ ਲੁਕੋ  
ਲਿਆ

ਪਰਗਟ ਸਿੰਘ ਦਾ ਇੱਕ ਗੀਤ ਆਪਣੇ ਵੇਲੇ ਦਾ ਸਭ ਤੋਂ ਸ਼ਾਨਦਾਰ ਸਿਆਸੀ ਗੀਤ ਹੈ। ਇਹ ਪਰਗਟ ਸਿੰਘ ਦਾ ਹੁਨਰ ਹੈ ਕਿ ਕੋਈ ਪ੍ਰੇਮ ਗੀਤ ਇੰਝ ਦਾ ਸਿਆਸੀ ਗੀਤ ਵੀ ਬਣ ਸਕਦਾ ਹੈ।

ਮੇਰੇ ਪਿੰਡ ਦੀ ਨਹਿਰ ਵਿੱਚੋਂ,  
ਪਾਣੀ ਲੁੱਟ ਕੇ ਲੈ ਗਈ ਹੂਰ ਕੁੜੀ

ਬਤੌਰ ਪੰਜਾਬ ਆਪਣੇ ਕੁਦਰਤੀ ਸਰੋਤਾਂ ਦੀ ਲੁੱਟ 'ਚੋਂ ਜਿਸ ਮੁਹਾਨੇ 'ਤੇ ਖੜ੍ਹਾ ਹੈ, ਇਹ ਵੱਡਾ ਸੰਕਟ ਹੈ। ਇਹ ਪੰਜਾਬ ਸਮਾਜਿਕ, ਧਾਰਮਿਕ, ਆਰਥਿਕ ਤ੍ਰਾਸਦੀਆਂ 'ਚੋਂ ਲੰਘ ਰਿਹਾ ਹੈ। ਇਸ ਪੰਜਾਬ 'ਚ ਖੇਤੀਬਾੜੀ ਅਤੇ ਕਿਸਾਨੀ ਤਾਂ ਸੰਕਟ 'ਚ ਹੈ ਹੀ, ਕਿਸਾਨ ਖੁਦਕੁਸ਼ੀਆਂ, ਗੰਦਲੇ ਪਾਣੀ, ਪਾਣੀਆਂ ਦੀ ਲੁੱਟ, ਮਜ਼ਦੂਰਾਂ ਦੀ ਮਾੜੀ ਹਾਲਤ, ਪ੍ਰਦੂਸ਼ਿਤ ਹਵਾ, ਪਾਣੀ, ਮਿੱਟੀ 'ਚ ਪੰਜ ਦਰਿਆਵਾਂ ਦਾ ਪੰਜਾਬ ਸਦਾ ਤ੍ਰਾਸਦੀਆਂ ਦਰ ਤ੍ਰਾਸਦੀਆਂ ਵੱਡੀ ਮਾਰ ਥੱਲੋਂ ਲੰਘ ਰਿਹਾ ਹੈ। ਦਿੱਲੀ ਨਾਮ ਦੇ ਇਸੇ ਗੀਤ ਦੇ ਹੋਰ ਬੋਲ ਹਨ :

ਪਾਣੀ ਬਾਝੋਂ ਖੇਤ ਮੇਰੇ ਰਹਿੰਦੇ ਬੜੇ  
ਪਿਆਸੇ ਨੇ  
ਕਣਕ ਦੇ ਬੂਟੇ ਜਨਮ ਵੇਲੇ ਹੁੰਦੇ ਬੜੇ  
ਉਦਾਸੇ ਨੇ  
ਦਰਿਆਵਾਂ ਦੇ ਮਾਲਕ ਨੂੰ ਪਾਣੀ ਦੇ  
ਮਾਇਨੇ ਦੱਸਦੀ ਐ  
ਪਰ ਬੰਜਰ ਧਰਤੀ 'ਤੇ ਅੰਦਰੋਂ  
ਅੰਦਰੀ ਹੱਸਦੀ ਐ

ਪਰਗਟ ਸਿੰਘ ਬਤੌਰ ਗੀਤਕਾਰ ਜੋ ਇਸ਼ਾਰੇ ਕਰਦਾ ਹੈ, ਉਨ੍ਹਾਂ ਨੂੰ ਸਮਝਣ ਲਈ ਹਵਾਲਾ ਇਹ ਹੈ ਕਿ ਸਦੀਆਂ ਤੋਂ ਜਿਸ ਸਿੰਧੂ ਘਾਟੀ ਦੀ ਸੱਭਿਅਤਾ ਭਰੀ ਧਰਤੀ ਨੇ ਖੇਤੀ ਕੀਤੀ ਉਥੋਂ ਦੇ ਕਿਸਾਨਾਂ ਨੂੰ ਗੁੜਤੀ 'ਚ ਮਿਲੀ ਖੇਤੀ ਅੱਜ ਵੱਡੇ ਵਿਦਿਅਕ ਅਦਾਰਿਆਂ ਹੱਥੋਂ ਚੁਣੌਤੀ 'ਚੋਂ ਲੰਘ ਰਹੀ ਹੈ। ਪੰਜਾਬ ਦੇ ਮੁਹਾਵਰੇ 'ਚ ਕਾਂ ਚਿੜੀ ਦੀਆਂ ਕਹਾਣੀਆਂ ਹਨ। ਚਿੜੀ ਦੇ ਲੋਕ ਗੀਤ ਹਨ, ਪਰ ਖੇਤੀਬਾੜੀ ਯੂਨੀਵਰਸਿਟੀ ਬਾਕਾਇਦਾ ਦੁਸ਼ਮਣ ਪੰਛੀ ਦੇ ਰੂਪ 'ਚ ਚਿੜੀ ਦੀ ਪਛਾਣ ਕਰਦੀ ਹੈ। ਇਹ ਵੀ ਤ੍ਰਾਸਦੀ ਹੈ ਕਿ ਪੰਛੀ ਵੀ ਦੁਸ਼ਮਣ ਬਣ ਗਏ? ਕਦੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ 'ਚ ਸੀ ਕਿ ਸਫੈਦ ਲਾਓ। ਸਾਲਾਂ ਬਾਅਦ ਕਹਿੰਦੇ ਕਿ ਪਾਣੀ ਬਹੁਤ ਪੀਂਦਾ ਹੈ, ਨਾ ਲਾਓ। ਕਦੀ ਕਹਿੰਦੇ ਸੀ, ਅੱਗ ਲਾਓ ਇੰਝ ਮਿੱਟੀ ਵਿੱਚ ਕਾਰਬਨ ਵਧਦੀ ਹੈ। ਸਾਲਾਂ ਬਾਅਦ ਆ ਕੇ ਕਿਹਾ ਜਾ ਰਿਹਾ ਹੈ ਕਿ ਅੱਗ ਨਾ ਲਾਓ, ਗਲੋਬਲ ਵਾਰਮਿੰਗ ਵੱਧ ਰਹੀ ਹੈ। ਸੋ ਪਰਗਟ ਸਿੰਘ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਮੁੜ ਮੁੜ ਗੀਤ ਪੰਜਾਬ, ਦਿੱਲੀ ਅਤੇ ਅਜਿਹੇ ਗੀਤ ਸੁਣਿਓ। ਪੰਜਾਬੀ ਗੀਤਕਾਰੀਆਂ 'ਚ ਸੁਹਜ ਗੀਤਾਂ ਦੇ ਇਸ ਗੀਤਕਾਰ ਨੂੰ ਇਹੋ ਜਾਂਦੀ ਵਾਰ ਦਾ ਸਲਾਮ ਹੋਵੇਗਾ।

## ਹਲਕਾ ਫੁਲਕਾ

ਅਭਿਸ਼ੇਕ, "ਕੀ ਮੁਹੱਬਤ 'ਚ ਸਿਰਫ ਠੋਕਰ ਹੀ ਲੱਗਦੀ ਹੈ?"  
ਸਰਿਤਾ, "ਨਹੀਂ ਕਦੇ ਕਦੇ ਸੈਂਡਲ ਵੀ ਲੱਗਦੀ ਹੈ।"

*********

ਡਾਕਟਰ ਪ੍ਰਵੀਨ (ਮਰੀਜ਼ ਨੂੰ), "ਤੇਰੇ ਵਰਗੇ ਸਿਰ-ਫਿਰੇ ਮਰੀਜ਼ ਦਾ ਇਲਾਜ ਤਾਂ ਕੋਈ ਪਾਗਲ ਡਾਕਟਰ ਹੀ ਕਰ ਸਕਦਾ ਹੈ।"  
ਮਰੀਜ਼, "ਇਹੀ ਕਹਿ ਕੇ ਤਾਂ ਮੇਰੇ ਇੱਕ ਦੋਸਤ ਨੇ ਮੈਨੂੰ ਤੁਹਾਡੇ ਕੋਲ ਭੇਜਿਆ ਹੈ।"

*********

ਔਰਤ, "ਤੈਨੂੰ ਪਤਾ ਹੈ, ਮੇਰਾ ਬੇਟਾ ਬਹੁਤ ਫਾਸਟ ਅੰਗਰੇਜ਼ੀ ਬੋਲਦਾ ਹੈ।"  
ਦੂਜੀ ਔਰਤ, "ਬੇਟਾ, ਜ਼ਰਾ ਬੋਲ ਕੇ ਤਾਂ ਦਿਖਾ।"  
ਬੱਚਾ, "ਅੰਗਰੇਜ਼ੀ, ਅੰਗਰੇਜ਼ੀ, ਅੰਗਰੇਜ਼ੀ, ਅੰਗਰੇਜ਼ੀ, ਅੰਗਰੇਜ਼ੀ...।"

*********

*********

ਇੱਕ ਔਰਤ ਦੀ ਸਹੇਲੀ, "ਓ ਦੇਖ ਨਾ, ਉਹ ਕੁੜੀ ਕਦੋਂ ਤੋਂ ਤੇਰੇ ਪਤੀ ਨੂੰ ਘੂਰ ਰਹੀ ਹੈ।"  
ਔਰਤ ਬੋਲੀ, "ਮੈਨੂੰ ਪਤਾ ਹੈ, ਪਰ ਮੈਂ ਤਾਂ ਇਹ ਦੇਖ ਰਹੀ ਹਾਂ ਕਿ ਮੇਰਾ ਪਤੀ ਕਿੰਨੀ ਦੇਰ ਆਪਣੀ ਗੋਗੜ ਅੰਦਰ ਖਿੱਚ ਕੇ ਖੜ੍ਹਾ ਰਹਿ ਸਕਦਾ ਹੈ।"

*********

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਪੁਲਸ ਦਾ ਜਾਂਚ ਤੇ ਕਾਨੂੰਨੀ ਪ੍ਰਬੰਧ ਦਾ ਕੰਮ ਵੰਡਣ ਲਈ 136 ਨਵੇਂ ਅਹੁਦਿਆਂ ਉੱਤੇ ਨਿਯੁਕਤੀਆਂ

*** ਇਨਵੈਸਟੀਗੇਸ਼ਨ ਕਾਡਰ ਲਈ ਗਜ਼ਟਿਡ ਅਫਸਰਾਂ ਦੇ ਅਹੁਦੇ ਨੋਟੀਫਾਈ**

ਚੰਡੀਗੜ੍ਹ, 11 ਮਾਰਚ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਕੰਮ-ਕਾਜ ਨੂੰ ਇਨਵੈਸਟੀਗੇਸ਼ਨ ਤੇ ਲਾਅ ਐਂਡ ਆਰਡਰ ਵਿੱਚ ਪੰਜਾਬ ਸਰਕਾਰ ਨੇ ਪਹਿਲਾਂ ਹੀ ਵੰਡ ਦਿੱਤਾ ਸੀ, ਅੱਗੋਂ ਇਸ ਉੱਤੇ ਜ਼ਮੀਨੀ ਪੱਧਰ 'ਤੇ ਅਮਲ ਕਰਨ ਲਈ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਅੱਠ ਫਰਵਰੀ ਨੂੰ ਕੱਢੀਆਂ ਡੀ ਐੱਸ ਪੀ ਦੀਆਂ 107 ਪੋਸਟਾਂ ਅਤੇ ਐੱਸ ਪੀ 28 ਪੋਸਟਾਂ ਲਈ ਅਹੁਦੇ ਨੋਟੀਫਾਈ ਕਰ ਦਿੱਤੇ ਗਏ ਸਨ, ਜਿਨ੍ਹਾਂ 'ਤੇ ਬੀਤੇ ਸ਼ਨੀਵਾਰ ਨੂੰ ਨਿਯੁਕਤੀਆਂ ਵੀ ਕਰ ਦਿੱਤੀਆਂ ਗਈਆਂ ਹਨ ਤਾਂ ਕਿ ਜਾਂਚ ਦਾ ਕੰਮ ਬਿਨਾਂ ਅੜਿੱਕੇ ਤੋਂ ਚੱਲਦਾ ਰਹਿ ਸਕੇ। ਮਿਲ ਸਕੀ ਜਾਣਕਾਰੀ ਅਨੁਸਾਰ ਡੀ ਐੱਸ ਪੀ ਅਹੁਦੇ ਤੱਕ ਤਰੱਕੀ ਦੇ ਯੋਗ ਇੰਸਪੈਕਟਰਾਂ ਦੀ ਸਕਰੀਨਿੰਗ




ਲਈ 22 ਫਰਵਰੀ ਨੂੰ ਵਿਭਾਗੀ ਤਰੱਕੀ ਕਮੇਟੀ (ਡੀ ਪੀ ਸੀ) ਦੀ ਮੀਟਿੰਗ ਪਿੱਛੋਂ ਬੀਤੀ ਪੰਜ ਮਾਰਚ ਨੂੰ 163 ਇੰਸਪੈਕਟਰਾਂ ਨੂੰ ਡੀ ਐੱਸ ਪੀ ਬਣਾ ਦਿੱਤਾ ਗਿਆ ਹੈ। ਇਸੇ ਤਰ੍ਹਾਂ 28 ਦਸੰਬਰ 2018 ਨੂੰ ਸਕਰੀਨਿੰਗ ਤੋਂ ਬਾਅਦ ਵਿਭਾਗੀ ਸਕਰੀਨਿੰਗ ਕਮੇਟੀ ਨੇ ਪੰਜ ਮਾਰਚ ਨੂੰ 58 ਡੀ ਐੱਸ ਪੀਜ਼ ਨੂੰ ਐੱਸ ਪੀ ਨਿਯੁਕਤ ਕਰ ਦਿੱਤਾ ਹੈ। ਪੰਜਾਬ ਜਾਂਚ ਬਿਊਰੋ ਤੇ ਸੰਗਠਤ ਅਪਰਾਧ ਅਤੇ ਨਸ਼ੇ ਵਾਲੇ ਪਦਾਰਥਾਂ ਦੀ ਰੋਕਥਾਮ ਬਾਰੇ ਵਿੰਗ ਦਾ ਕੰਮ ਦੇਖਣ ਲਈ ਹਰ ਜ਼ਿਲ੍ਹੇ ਅਤੇ ਕਮਿਸ਼ਨਰ ਦੇ ਖੇਤਰ ਵਿੱਚ ਐਸ ਪੀਜ਼ ਨੂੰ ਤੈਨਾਤ ਕੀਤਾ ਗਿਆ ਹੈ। ਇਸ ਦਾ ਮਕਸਦ ਜਾਂਚ, ਸੰਗਠਿਤ ਅਪਰਾਧ ਤੇ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਉੱਤੇ ਧਿਆਨ ਕੇਂਦਰਿਤ ਕਰਨ ਨੂੰ ਯਕੀਨੀ ਬਣਾਉਣਾ ਹੈ। ਭਾਰਤ ਵਿੱਚ ਇਹ ਪਹਿਲੀ ਵਾਰ ਗਜ਼ਟਿਡ ਅਫਸਰਾਂ ਨੂੰ ਹਰ ਜ਼ਿਲ੍ਹੇ ਤੇ ਪੁਲਸ ਕਮਿਸ਼ਨਰੇਟ ਵਿੱਚ ਵਿਸ਼ੇਸ਼ ਤੌਰ 'ਤੇ ਲਾ ਕੇ ਸਪੈਸ਼ਲਾਈਜ਼ਡ ਕਰਾਈਮਜ਼ ਦੀ ਨਿਗਰਾਨੀ ਦਾ ਜ਼ਿੰਮਾ ਸੌਂਪਿਆ ਗਿਆ ਹੈ। ਇਹ ਨਵੀਂ ਰੀਤ ਸੁਪਰੀਮ ਕੋਰਟ ਦੇ ਹੁਕਮਾਂ ਦੇ ਲਾਗੂ ਕਰਨ ਅਤੇ ਜਾਂਚ ਦੇ ਮਿਆਰ ਵਿੱਚ ਸੁਧਾਰ ਕਰਨ ਵਿੱਚ ਅਹਿਮ ਸਾਬਤ ਹੋ ਸਕਦੀ ਹੈ।

# ਹਾਈ ਕੋਰਟ ਦੇ ਹੁਕਮਾਂ ਉੱਤੇ ਕੋਰਟ ਕੰਪਲੈਕਸ ਦੇ ਬਾਹਰ ਕਬਜ਼ੇ ਹਟਾਏ

ਬਠਿੰਡਾ, 11 ਮਾਰਚ (ਪੋਸਟ ਬਿਊਰੋ)- ਏਥੇ ਜ਼ਿਲਾ ਕੋਰਟ ਕੰਪਲੈਕਸ ਦੇ ਬਾਹਰ ਨਾਜਾਇਜ਼ ਕਬਜ਼ੇ ਕਰ ਕੇ ਬਣਾਏ ਕਈ ਸਾਲ ਪੁਰਾਣੇ ਖੋਖਿਆਂ ਉੱਤੇ ਅੱਜ ਅਚਾਨਕ ਪ੍ਰਸ਼ਾਸਨਕ ਅਧਿਕਾਰੀਆਂ ਤੇ ਵੱਡੀ ਗਿਣਤੀ ਵਿੱਚ ਪੁਲਿਸ ਦੀ ਮੌਜੂਦਗੀ ਵਿੱਚ ਮਸ਼ੀਨਾਂ ਚਲਾ ਦਿਤੀਆਂ ਗਈਆਂ ਤੇ ਦੋ ਕੁ ਘੰਟਿਆਂ ਦੀ ਕਾਰਵਾਈ ਦੌਰਾਨ ਇਨ੍ਹਾਂ ਨੂੰ ਖਤਮ ਕਰ ਦਿੱਤਾ ਗਿਆ।

ਐੱਸ ਡੀ ਐੱਮ ਅਮਨਿੰਦਰ ਸਿੰਘ ਟਿਵਾਣਾ, ਬੀ ਐਂਡ ਆਰ ਦੇ ਐਕਸੀਅਨ ਮੰਦਰ ਸਿੰਘ, ਪ੍ਰੋਵੈਂਸ਼ੀਅਲ ਐਕਸੀਅਨ ਇੰਦਰਜੀਤ ਸਿੰਘ, ਨਗਰ ਨਿਗਮ ਅਧਿਕਾਰੀ ਸੰਦੀਪ ਗੁਪਤਾ ਦੀ ਮੌਜੂਦਗੀ ਵਿੱਚ ਇਹ ਕਾਰਵਾਈ ਕੀਤੀ ਗਈ, ਜਦੋਂ ਕਿ ਡੀ ਐੱਸ ਪੀ ਕਰਨਸ਼ੇਰ ਸਿੰਘ ਵੀ ਪੁਲਿਸ ਸਮੇਤ ਉਥੇ ਮੌਜੂਦ ਸੀ। ਇਸ ਦੌਰਾਨ ਕੁਝ ਵਕੀਲਾਂ ਨੇ ਵਿਰੋਧ ਕੀਤਾ, ਪਰ ਉਨ੍ਹਾਂ ਦੀ ਪੇਸ਼ ਨਾ ਚੱਲੀ। ਕਈ ਸਾਲਾਂ ਤੋਂ ਇੱਥੇ ਚਾਹ ਦਾ ਅੱਡਾ ਲਾਉਣ ਵਾਲੀ ਇਕ ਬਜ਼ੁਰਗ ਵੀ ਅੱਜ ਬਿਨਾਂ ਛੱਤ ਤੋਂ ਹੋ ਗਈ, ਪਰ ਉਸ ਨੂੰ ਰੋਂਦੀ ਨੂੰ ਲੇਡੀਜ਼ ਪੁਲਿਸ ਨੇ ਪਾਸੇ ਕਰ ਦਿੱਤਾ।




ਵਰਨਣ ਯੋਗ ਹੈ ਕਿ ਦੁਪਹਿਰ ਵੇਲੇ ਅਚਾਨਕ ਬੀ ਐਂਡ ਆਰ ਅਤੇ ਨਗਰ ਨਿਗਮ ਦੇ ਅਧਿਕਾਰੀ ਅੱਜ ਬਠਿੰਡਾ ਦੇ ਕੋਰਟ ਕੰਪਲੈਕਸ ਨੇੜੇ ਇਕੱਠੇ ਹੋਣੇ ਸ਼ੁਰੂ ਹੋਏ, ਇਸ ਦੌਰਾਨ ਉਨ੍ਹਾਂ ਨਾਲ ਦੋ ਜੇ ਸੀ ਬੀ ਮਸ਼ੀਨਾਂ ਵੀ ਸਨ। ਕੁਝ ਸਮੇਂ ਵਿੱਚ ਵੱਡੀ ਗਿਣਤੀ ਵਿੱਚ ਪੁਲਸ ਡੀ ਐੱਸ ਪੀ ਕਰਨਸ਼ੇਰ ਸਿੰਘ ਦੀ ਅਗਵਾਈ ਵਿੱਚ ਆ ਗਈ ਅਤੇ ਨਗਰ ਨਿਗਮ ਨੇ ਦਰਜਨਾਂ ਟਰਾਲੀਆਂ ਮੰਗਵਾ ਲਈਆਂ ਤੇ ਵੱਡੀ ਗਿਣਤੀ ਵਿੱਚ ਸਮਾਨ ਚੁੱਕਣ ਲਈ ਮਜ਼ਦੂਰ ਮੰਗਵਾ ਲਏ। ਇਸ ਦੇ ਬਾਅਦ ਦੋ ਜੇ ਸੀ ਬੀ ਮਸ਼ੀਨਾਂ ਲਾ ਕੇ ਤੁਰੰਤ ਇਨ੍ਹਾਂ ਚਾਦਰਾਂ, ਲੱਕੜਾਂ ਜਾਂ ਇੱਟਾਂ ਦੇ ਬਣਾਏ ਖੋਖਿਆਂ ਨੂੰ ਉਖਾੜਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਪਹਿਲਾਂ ਬੈਂਚਾਂ ਅਤੇ ਕੁਰਸੀਆਂ ਦੀਆਂ ਜੰਜ਼ੀਰਾਂ ਤੋੜੀਆਂ ਗਈਆਂ ਅਤੇ ਫ਼ਿਰ ਇਨ੍ਹਾਂ ਨੂੰ ਟਰਾਲੀਆਂ ਵਿੱਚ ਲੱਦ ਲਿਆ ਗਿਆ। ਇਸ ਕਾਰਵਾਈ ਨਾਲ ਕਈ ਖੋਖਿਆਂ ਵਿੱਚ ਪਿਆ ਸਮਾਨ ਵੀ ਖਿੱਲਰ ਗਿਆ।

ਜਦ ਪ੍ਰਸ਼ਾਸਨ ਦੀ ਇਹ ਕਾਰਵਾਈ ਹੋ ਰਹੀ ਸੀ ਤਾਂ ਐਡਵੋਕੇਟ ਰਾਜਵਿੰਦਰ ਸਿੰਘ ਸਿੱਧੂ, ਕੰਵਲਜੀਤ ਸਿੰਘ ਕੁੱਟੀ, ਰਾਹੁਲ ਝੂੰਬਾ, ਰਣਧੀਰ ਸਿੰਘ ਸਿੱਧੂ ਤੇ ਸੁਖਦੇਵ ਸਿੰਘ ਸਿੱਧੂ ਨੇ ਇਸ ਦਾ ਵਿਰੋਧ ਕੀਤਾ ਅਤੇ ਕੁਝ ਨੇ ਨਾਅਰੇਬਾਜ਼ੀ ਕਰ ਦਿੱਤੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਧੱਕ ਕਰ ਰਿਹਾ ਹੈ, ਸਮਾਨ ਚੁੱਕਣ ਦਾ ਨੋਟਿਸ ਵੀ ਨਹੀਂ ਦਿੱਤਾ ਗਿਆ। ਕਈ ਵਕੀਲਾਂ ਦਾ ਸਮਾਨ ਇਸ ਕਾਰਵਾਈ ਦੌਰਾਨ ਖਿੱਲਰ ਗਿਆ। ਉਨ੍ਹਾਂ ਕਿਹਾ ਕਿ ਇੱਥੇ ਬੈਠਣ ਵਾਲੇ ਕਈ ਵਕੀਲਾਂ ਦੇ ਚੈਂਬਰ ਕੋਰਟ ਵਿੱਚ ਬਣ ਚੁੱਕੇ ਹਨ ਤੇ ਉਸ ਉੱਤੇ ਹਾਈ ਕੋਰਟ ਦੀ ਸਟੇਅ ਹੈ ਤੇ ਜਦ ਸਟੇਅ ਹਟੀ ਤਾਂ ਅੰਦਰ ਸ਼ਿਫਟ ਹੋ ਜਾਣਗੇ, ਇਸ ਲਈ ਉਨ੍ਹਾਂ ਇਹ ਕਾਰਵਾਈ ਰੋਕਣ ਲਈ ਐੱਸ ਡੀ ਐੱਮ ਅਮਨਿੰਦਰ ਟਿਵਾਣਾ ਨਾਲ ਵੀ ਗੱਲ ਕੀਤੀ, ਪਰ ਅਸਫ਼ਲ ਰਹੇ।

ਬੀ ਐਂਡ ਆਰ ਐਕਸੀਅਨ ਨੇ ਇਸ ਬਾਰੇ ਕਿਹਾ ਕਿ ਹਾਈ ਕੋਰਟ ਦੇ ਆਦੇਸ਼ਾਂ ਹੇਠ ਇਹ ਕਾਰਵਾਈ ਕੀਤੀ ਗਈ ਹੈ। 13 ਮਾਰਚ ਨੂੰ ਇੰਸਪੈਕਟਰ ਜੱਜ ਸਾਹਿਬ ਆ ਰਹੇ ਹਨ। ਜਦ ਪਿਛਲੀ ਵਾਰ ਉਹ ਆਏ ਤਾਂ ਇਨ੍ਹਾਂ ਨੂੰ ਹਟਾਉਣ ਲਈ ਕਿਹਾ ਗਿਆ ਸੀ। ਉਨ੍ਹਾਂ ਇਹ ਨਾਜਾਇਜ਼ ਗਲਤ ਢੰਗ ਨਾਲ ਜਗ੍ਹਾ ਰੋਕੀ ਗਈ ਸੀ ਅਤੇ ਇਹ ਬੀ ਐਂਡ ਆਰ ਪ੍ਰੋਵਿੰਸ਼ੀਅਲ ਡਵੀਜ਼ਨ ਅਤੇ ਨੈਸ਼ਨਲ ਹਾਈਵੇ ਦੀ ਜਗ੍ਹਾ ਹੈ। ਇਸ ਉੱਤੇ ਗ੍ਰੀਨ ਬੈਲਟ ਬਣਾਉਣ ਦੀ ਯੋਜਨਾ ਹੈ।

# ਜ਼ਮੀਨੀ ਫਰਾਡ ਬਾਰੇ ਛੇ ਸਾਲ ਬਾਅਦ 32 ਦੋਸ਼ੀਆਂ ਉੱਤੇ ਕੀਤਾ ਪਰਚਾ ਦਰਜ

ਪਟਿਆਲਾ, 11 ਮਾਰਚ (ਪੋਸਟ ਬਿਊਰੋ)- ਇਸ ਜ਼ਿਲੇ ਦੀ ਬਨੂੜ ਨਗਰ ਕੌਂਸਲ ਹੇਠਲੇ ਇਲਾਕੇ ਵਿੱਚ ਫਰਜ਼ੀਵਾੜਾ ਕਰ ਕੇ ਜ਼ਮੀਨ ਦੀ ਰਜਿਸਟਰੀ ਆਪਣੇ ਨਾਂਅ ਕਰਵਾਉਣ ਵਾਲੇ 32 ਦੋਸ਼ੀਆਂ ਦੇ ਖਿਲਾਫ ਕਰੀਬ ਛੇ ਸਾਲ ਬਾਅਦ ਕੇਸ ਦਰਜ ਕੀਤਾ ਗਿਆ ਹੈ। ਇਹ ਮਾਮਲਾ ਨਗਰ ਕੌਂਸਲ ਦੇ ਈ ਓ ਗੁਰਦੀਪ ਸਿੰਘ ਦੀ ਸ਼ਿਕਾਇਤ ਉੱਤੇ ਜਗਤਾਰ ਸਿੰਘ ਪੰਚਕੂਲਾ, ਅਰੁਣ ਕੁਮਾਰ ਪੰਚਕੂਲਾ, ਜਗਸਨਦੀਪ ਸਿੰਘ ਡੇਰਾਬਸੀ, ਗੁਰਜੀਤ ਸਿੰਘ ਡੇਰਾਬਸੀ, ਰਾਜ ਪੰਚਕੂਲਾ, ਰਾਜੇਸ਼ ਸੂਦ ਵਾਸੀ ਪੰਚਕੂਲਾ, ਹਰਭਜਨ ਸਿੰਘ ਚੰਡੀਗੜ੍ਹ, ਸਰਦਾਰ ਕੌਰ ਉਚਾ ਖੇੜਾ, ਵਿਕਾਸ ਗੋਇਲ ਕਿਸਨਪੁਰ ਡੇਰਾ ਬਸੀ, ਹਰਜਿੰਦਰ ਕੌਰ ਪੰਚਕੂਲਾ, ਰਚਨਾ ਸੂਦ ਡੇਰਾ ਬੱਸੀ, ਨੀਰਜ ਸੇਠੀ ਪੰਚਕੂਲਾ, ਵਿਸ਼ਾਲ ਮਰਵਾਹਾ ਪੰਚਕੂਲਾ, ਮਨਦੀਪ ਸਿੰਘ ਜ਼ੀਰਕਪੁਰ, ਸੁਧਾ ਜੈਰਥ ਪੰਚਕੂਲਾ, ਸਾਕਸ਼ੀ ਸ਼ਰਮਾ ਪੰਚਕੂਲਾ, ਊਸ਼ਾ ਭਾਰਦਵਾਜ ਸਿਰਮੌਰ ਹਿਮਾਚਲ ਪ੍ਰਦੇਸ਼, ਪ੍ਰਤਾਪ ਸਿੰਘ ਮੋਹਾਲੀ, ਰੁਸਤਮ ਸਿੰਘ ਬਨੂੜ, ਅਰਚਨਾ ਸ਼ਰਮਾ ਰੋਹਤਕ, ਸੁਖਵਿੰਦਰ ਸਿੰਘ ਡੇਰਾਬੱਸੀ, ਪ੍ਰੀਤਪਾਲ ਸਿੰਘ ਅੰਬਾਲਾ ਕੈਂਟ, ਵਰੁਣ ਕੁਮਾਰ ਸਿਰਸਾ, ਅਜੀਤਪਾਲ ਸਿੰਘ ਪੰਚਕੂਲਾ, ਰਵੀ ਸ਼ੇਰ ਪੰਚਕੂਲਾ, ਲਲਿਤ ਕੁਮਾਰ ਪੰਚਕੂਲਾ, ਬਲਵੀਰ ਸਿੰਘ ਜਗਾਧਰੀ, ਜਸਵੀਰ ਸਿੰਘ ਬੱਲਮਗੜ੍ਹ ਸਮਾਣਾ, ਕੁਲਦੀਪ ਸਿੰਘ ਬੱਲਮਗੜ੍ਹ ਸਮਾਣਾ, ਭਜਨ ਸਿੰਘ ਜ਼ੀਰਕਪੁਰ, ਭਗਵੰਤ ਸਿੰਘ ਡੇਰਾਬੱਸੀ ਅਤੇ ਕੁਲਦੀਪ ਸਿੰਘ ਚੰਡੀਗੜ੍ਹ ਦੇ ਖਿਲਾਫ ਦਰਜ ਕੀਤਾ ਗਿਆ ਹੈ।

ਪਤਾ ਲੱਗਾ ਹੈ ਕਿ 2011-12 ਵਿੱਚ ਦੋਸ਼ੀਆਂ ਨੇ ਬਨੂੜ ਨਗਰ ਕੌਂਸਲ ਹੇਠਲੀ ਜ਼ਮੀਨ ਦੀ ਰਜਿਸਟਰੀ ਧੋਖਾ ਕਰ ਕੇ ਆਪਣੇ ਨਾਂਅ ਕਰਵਾ ਲਈ ਸੀ। ਤਹਿਸੀਲਦਾਰ ਦਫਤਰ ਦੀ ਮਿਲੀਭੁਗਤ ਨਾਲ ਇਹ ਜ਼ਮੀਨ ਦੋਸ਼ੀਆਂ ਨੇ ਆਪਣੇ ਨਾਂਅ ਕਰਵਾ ਕੇ ਮੈਸਰਜ਼ ਸਪਾਰਕਿੰਗ ਸਟਾਰ ਇੰਫਰਾ ਪ੍ਰਾਈਵੇਟ ਲਿਮਟਿਡ ਪੰਚਕੂਲਾ ਹਰਿਆਣਾ ਦੇ ਨਾਂਅ ਟਰਾਂਸਫਰ ਕਰਵਾ ਲਈ। ਇਸ ਜ਼ਮੀਨ ਦੀ ਕੀਮਤ ਚਾਰ ਕਰੋੜ 35 ਲੱਖ ਰੁਪਏ ਤੋਂ ਵੱਧ ਹੈ। ਆਪਣੇ ਨਾਂਅ ਕਰਵਾਉਣ ਪਿੱਛੋਂ ਇਨ੍ਹਾਂ ਲੋਕਾਂ ਨੇ ਜ਼ਮੀਨ ਦਾ ਕਬਜ਼ਾ ਹਾਸਲ ਕਰ ਲਿਆ, ਜਿਸ ਦੀ ਭਣਕ ਲੱਗਣ ਪਿੱਛੋਂ ਨਗਰ ਕੌਂਸਲ ਨੇ ਪੁਰਾਣਾ ਰਿਕਾਰਡ ਵੇਖਿਆ। ਇਸ ਦੇ ਬਾਅਦ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ ਤਾਂ ਜਾਂਚ ਦੇ ਬਾਅਦ ਲੋਕਾਂ ਦੇ ਖਿਲਾਫ ਕੇਸ ਦਰਜ ਕਰ ਲਿਆ।

# ਖੇਤੀ ਯੂਨੀਵਰਸਿਟੀ ਵਿੱਚ ਡਾਕਟਰ ਦੇ ਘਰੋਂ 50 ਤੋਲੇ ਸੋਨੇ ਦੇ ਗਹਿਣੇ ਚੋਰੀ

ਲੁਧਿਆਣਾ, 11 ਮਾਰਚ (ਪੋਸਟ ਬਿਊਰੋ)- ਪ੍ਰਾਈਵੇਟ ਸਕਿਓਰਿਟੀ ਅਤੇ ਡੱਬੇ ਵਾਂਗ ਬੰਦ ਪੰਜਾਬ ਖੇਤੀ ਯੂਨੀਵਰਸਿਟੀ (ਪੀ ਏ ਯੂ) ਦੇ ਕੈਂਪਸ ਵਿੱਚ ਵੀ ਚੋਰਾਂ ਨੇ ਸੰਨ੍ਹ ਮਾਰ ਦਿੱਤੀ ਅਤੇ ਇੱਕ ਮੈਡੀਕਲ ਅਫਸਰ ਦੇ ਘਰ ਦੇ ਤਾਲੇ ਤੋੜ ਕੇ 50 ਤੋਲੇ ਸੋਨੇ ਦੇ ਗਹਿਣੇ ਚੋਰੀ ਕਰ ਲਏ ਹਨ। ਡਾਕਟਰ ਸੰਜੇ ਪਵਾਰ ਜਦ ਵਾਪਸ ਘਰ ਪਹੁੰਚੇ ਤਾਂ ਹਾਲਾਤ ਦੇਖ ਕੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੂੰ ਇਸ ਵਿੱਚ ਸਿਵਾਏ ਚੋਰਾਂ ਦੇ ਫੁੱਟ ਪ੍ਰਿੰਟਸ ਦੇ ਕੋਈ ਸੀ ਸੀ ਟੀ ਵੀ ਕੈਮਰਾ ਜਾਂ ਫੁਟੇਜ ਨਹੀਂ ਮਿਲੀ। ਥਾਣਾ ਪੀ ਏ ਯੂ ਪੁਲਸ ਨੇ ਅਣਪਛਾਤੇ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।



ਡਾ: ਸੰਜੇ ਪਵਾਰ ਨੇ ਦੱਸਿਆ ਕਿ ਉਹ ਐਗਰੀਕਲਚਰ ਯੂਨੀਵਰਸਿਟੀ ਦੇ ਮੈਡੀਕਲ ਅਫਸਰ ਹਨ ਤੇ ਮੋਗਾ ਵਿੱਚ ਤੈਨਾਤ ਹਨ। ਇਥੇ ਉਹ ਪੀ ਏ ਯੂ ਕੈਂਪਸ ਵਿੱਚ ਸਰਕਾਰੀ ਮਕਾਨ ਵਿੱਚ ਰਹਿੰਦੇ ਹਨ। ਉਨ੍ਹਾਂ ਨੇ ਪੁਲਸ ਨੂੰ ਦੱਸਿਆ ਕਿ ਅੱਠ ਮਾਰਚ ਦੀ ਸ਼ਾਮ ਸਾਢੇ ਪੰਜ ਵਜੇ ਉਹ ਆਪਣੀ ਪਤਨੀ ਨਾਲ ਅੰਬਾਲਾ ਆਪਣੇ ਦੂਸਰੇ ਘਰ ਨੂੰ ਗਏ ਸਨ। ਅਗਲੀ ਸਵੇਰ ਅੱਠ ਵਜੇ ਜਦ ਲੁਧਿਆਣਾ ਆਏ ਤਾਂ ਦੇਖਿਆ ਕਿ ਮੇਨ ਗੇਟ ਦੀ ਕੁੰਡੀ ਟੁੱਟੀ ਹੋਈ ਸੀ। ਅੰਦਰ ਗਏ ਤਾਂ ਉਨ੍ਹਾਂ ਦੇ ਕਮਰੇ ਵਿੱਚ ਅਲਮਾਰੀ ਹਲਕੀ ਜਿਹੀ ਖੁੱਲ੍ਹੀ ਹੋਈ ਸੀ ਅਤੇ ਕੁੱਲ 50 ਤੋਲੇ ਗਹਿਣੇ ਗਾਇਬ ਸਨ।

# ਦੁਕਾਨਦਾਰ ਨੇ ਬੋਰਡ ਉੱਤੇ ਸੁਸਾਈਡ ਨੋਟ ਲਿਖ ਕੇ ਫਾਹਾ ਲਿਆ

ਜਲੰਧਰ, 11 ਮਾਰਚ (ਪੋਸਟ ਬਿਊਰੋ)- ਕਰਜ਼ੇ ਤੋਂ ਚਾਰ ਗੁਣਾ ਵੱਧ ਵਿਆਜ ਅਤੇ ਫਾਈਨਾਂਸਰ ਵੱਲੋਂ ਪੈਸੇ ਲਈ ਪ੍ਰੇਸ਼ਾਨ ਕਰਨ ਕਰ ਕੇ ਇੱਕ ਦੁਕਾਨਦਾਰ ਨੇ ਬੋਰਡ 'ਤੇ ਸੁਸਾਈਡ ਨੋਟ ਲਿਖ ਕੇ ਫਾਹਾ ਲਾ ਕੇ ਜਾਨ ਦੇ ਦਿੱਤੀ।

ਰਾਮਾ ਮੰਡੀ ਪੁਲ ਦੇ ਹੇਠਾਂ ਸਾਈਂ ਬੈਗ ਹਾਊਸ ਦੇ ਮਾਲਕ ਕੁਲਵੰਤ ਰਾਏ ਪਿੰਡ ਨੰਗਲ ਸ਼ਾਮਾ ਦੋ-ਤਿਨ ਸਾਲ ਤੋਂ ਦੁਕਾਨ ਚਲਾ ਰਹੇ ਸਨ। ਦੁਕਾਨ ਖੋਲ੍ਹਣ ਲਈ ਫਾਈਨਾਂਸਰ ਤੋਂ ਕਰਜ਼ਾ ਲਿਆ ਸੀ। ਕੁਲਵੰਤ ਰਾਏ ਦੇ ਬੇਟੇ ਰਾਕੇਸ਼ ਕੁਮਾਰ ਨੇ ਦੱਸਿਆ ਕਿ ਇਹ ਘਟਨਾ ਕਰੀਬ ਚਾਰ ਵਜੇ ਦੇ ਕਰੀਬ ਦੀ ਹੈ, ਜਦ ਉਹ ਘਰ ਖਾਣਾ ਲੈਣ ਲਈ ਗਿਆ ਸੀ। ਉਸ ਨੇ ਦੁਕਾਨ 'ਤੇ ਵਾਪਸ ਆ ਕੇ ਦੇਖਿਆ ਤਾਂ ਉਸ ਦੇ ਪਿਤਾ ਨੇ ਫਾਹਾ ਲਿਆ ਹੋਇਆ ਸੀ। ਪਿਤਾ ਨੂੰ ਫਾਂਸੀ ਨਾਲ ਝੂਲਦੇ ਦੇਖ ਕੇ ਉਸ ਨੇ ਰੱਸੀ ਕੱਟੀ ਤੇ ਆਪਣੇ ਪਿਤਾ ਨੂੰ ਜੌਹਲ ਹਸਪਤਾਲ ਲੈ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਰਾਕੇਸ਼ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਪਰਵਾਰ ਨੇ ਸੂਰਿਆ ਇਨਕਲੇਵ ਵਿੱਚ ਰਹਿੰਦੇ ਕਿੱਕੀ ਅਰੋੜਾ ਤੋਂ ਦੋ ਸਾਲ ਪਹਿਲਾਂ ਦੋ ਲੱਖ ਰੁਪਏ ਕਰਜ਼ਾ ਲਿਆ ਸੀ। ਫਾਈਨਾਂਸਰ ਨੂੰ 35 ਹਜ਼ਾਰ ਰੁਪਏ ਮਹੀਨਾ ਕਿਸ਼ਤ ਦੇਣ ਦੇ ਬਾਵਜੂਦ ਉਸ ਨੇ ਦੋ ਲੱਖ ਰੁਪਏ ਦੀ ਰਕਮ 'ਤੇ ਵੱਧ ਵਿਆਜ ਲਗਾ ਕੇ ਛੇ ਲੱਖ ਰੁਪਏ ਬਣਾ ਦਿੱਤੇ ਅਤੇ ਇੱਕ ਮਾਰਚ ਨੂੰ ਉਨ੍ਹਾਂ ਦੀ ਦੁਕਾਨ ਨੂੰ ਤਾਲਾ ਲਾ ਦਿੱਤਾ। ਇਸ ਤੋਂ ਪ੍ਰੇਸ਼ਾਨ ਹੋ ਕੇ ਉਸ ਦੇ ਪਿਤਾ ਨੇ ਖੁਦਕੁਸ਼ੀ ਕੀਤੀ ਹੈ। ਬੋਰਡ 'ਤੇ ਲਿਖੇ ਸੁਸਾਈਡ ਨੋਟ ਵਿੱਚ ਕੁਲਵੰਤ ਰਾਏ ਨੇ ਫਾਈਨਾਂਸਰ ਵਿੱਕੀ ਦੇ ਪੂਰੇ ਪਰਵਾਰ ਨੂੰ ਖੁਦਕੁਸ਼ੀ ਲਈ ਜ਼ਿੰਮੇਵਾਰ ਕਿਹਾ ਹੈ। ਥਾਣਾ ਕੈਂਟ ਦੇ ਇੰਚਾਰਜ ਕੁਲਬੀਰ ਸਿੰਘ ਨੇ ਮ੍ਰਿਤਕ ਦੇ ਬੇਟੇ ਦੇ ਬਿਆਨਾਂ 'ਤੇ ਦੋਸ਼ੀ ਫਾਈਨਾਂਸਰ ਦੇ ਖਿਲਾਫ ਆਤਮਹੱਤਿਆ ਦੇ ਲਈ ਉਕਸਾਉਣ ਅਤੇ ਧੋਖਾਧੜੀ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕਰ ਲਿਆ ਹੈ। ਪੁਲਸ ਫਾਈਨਾਂਸਰ ਨੂੰ ਫੜਨ ਦੇ ਲਈ ਛਾਪੇ ਮਾਰ ਰਹੀ ਹੈ। ਪਤਾ ਲੱਗਾ ਹੈ ਕਿ ਕੁਲਵੰਤ ਰਾਏ ਠੱਗੀ ਦੇ ਦੋਸ਼ ਵਿੱਚ ਜੇਲ੍ਹ ਜਾ ਚੁੱਕਾ ਹੈ ਅਤੇ ਪੈਰੋਲ 'ਤੇ ਬਾਹਰ ਆਇਆ ਹੋਇਆ ਸੀ। ਸੁਸਾਈਡ ਨੋਟ ਵਿੱਚ ਫਾਈਨਾਂਸਰ ਵਿੱਕੀ ਅਤੇ ਉਸ ਦੇ ਪਰਵਾਰ ਦਾ ਹੱਥ ਹੋਣ ਦੀ ਗੱਲ ਲਿਖੀ ਸੀ।

# ਪਾਵਰਕੌਮ ਵੱਲੋਂ ਭ੍ਰਿਸ਼ਟ ਅਫਸਰਾਂ ਵਿਰੁੱਧ ਸਖਤ ਕਾਰਵਾਈ

ਪਟਿਆਲਾ, 11 ਮਾਰਚ (ਪੋਸਟ ਬਿਊਰੋ)- ਪੰਜਾਬ ਪਾਵਰਕੌਮ ਨੇ ਰਿਸ਼ਵਤ ਦੇ ਕੇਸ ਵਿੱਚ ਅੰਮ੍ਰਿਤਸਰ ਜ਼ਿਲੇ ਦੇ ਨਾਗੋਕੇ ਵਿੱਚ ਤਾਇਨਾਤ ਇਕ ਸੀਨੀਅਰ ਐਸ ਡੀ ਓ ਅਤੇ ਇਕ ਜੇ ਈ ਨੂੰ ਸਸਪੈਂਡ ਕਰ ਦਿੱਤਾ ਹੈ।

ਇਸ ਬਾਰੇ ਵਿੱਚ ਪਾਵਰਕੌਮ ਦੇ ਸੀ ਐਮ ਡੀ ਇੰਜੀਨੀਅਰ ਬਲਦੇਵ ਸਿੰਘ ਸਰਾ ਨੇ ਇਹ ਸਾਰੀ ਕਾਰਵਾਈ ਸੋਸ਼ਲ ਮੀਡੀਆ 'ਤੇ ਰਿਸ਼ਵਤ ਨਾਲ ਜੁੜਿਆ ਕੇਸ ਸਾਹਮਣੇ ਆਉਣ ਮਗਰੋਂ ਕੀਤੀ ਹੈ। ਇਸ ਤੋਂ ਇਲਾਵਾ ਰਿਸ਼ਵਤਖੋਰੀ ਦੇ ਸਾਰੇ ਘਟਨਾਕ੍ਰਮ ਦੀ ਬਾਰੀਕੀ ਨਾਲ ਜਾਂਚ ਕਰਨ ਦੇ ਵੀ ਆਦੇਸ਼ ਦਿੱਤੇ ਗਏ ਹਨ। ਵਰਨਣ ਯੋਗ ਹੈ ਕਿ ਦੋ ਦਿਨ ਪਹਿਲਾਂ ਸੋਸ਼ਲ ਮੀਡੀਆ ਉੱਤੇ ਇਕ ਵੀਡੀਓ ਕਲਿੱਪ ਪਾਵਰਕੌਮ ਦੇ ਸੀ ਐਮ ਡੀ ਇੰਜੀਨੀਅਰ ਬਲਦੇਵ ਸਿੰਘ ਸਰਾ ਦੇ ਨੋਟਿਸ ਵਿੱਚ ਆਈ ਸੀ, ਜਿਸ ਵਿੱਚ ਇੰਜੀਨੀਅਰ ਰਜਿੰਦਰ ਕੁਮਾਰ ਏ ਈ ਈ ਨਾਗੋਕੇ (ਸਬ ਡਿਵੀਜ਼ਨ, ਬਿਆਸ ਡਿਵੀਜ਼ਨ) ਇੱਕ ਖਪਤਕਾਰ ਤੋਂ ਸਿੰਗਲ ਫੇਜ਼ ਕੁਨੈਕਸ਼ਨ ਜਾਰੀ ਕਰਨ ਲਈ 10 ਹਜ਼ਾਰ ਰੁਪਏ ਰਿਸ਼ਵਤ ਵਜੋਂ ਲੈਂਦਾ ਪਿਆ ਸੀ। ਇਸ ਬਾਰੇ ਪਾਵਰਕੌਮ ਦੇ ਸੀ ਐਮ ਡੀ ਵੱਲੋਂ ਮੁੱਖ ਇੰਜੀਨੀਅਰ/ਈ ਏ ਅਤੇ ਇਨਫੋਰਸਮੈਂਟ ਨੂੰ ਪੜਤਾਲ ਲਈ ਹੁਕਮ ਦਿੱਤੇ ਗਏ ਤਾਂ ਮੁੱਖ ਇੰਜੀਨੀਅਰ ਈ ਏ ਇਨਫੋਰਸਮੈਂਟ ਨੇ ਐਸ ਈ ਇਨਫੋਰਸਮੈਂਟ ਅਤੇ ਦੋ ਐਕਸੀਅਨ ਨੂੰ ਇਸ ਦੀ ਪੜਤਾਲ ਕਰਨ ਲਈ ਲਾਇਆ ਸੀ। ਇਹ ਪੜਤਾਲ ਜਲੰਧਰ ਦੇ ਐਸ ਈ ਈ ਏ ਅਤੇ ਇਨਫੋਰਸਮੈਂਟ ਦੀ ਨਿਗਰਾਨੀ ਹੇਠ ਇਕ ਟੀਮ ਨੇ ਕੀਤੀ ਅਤੇ ਨਾਗੋਕੇ ਦੇ ਖਪਤਕਾਰ ਬਚਿੱਤਰ ਸਿੰਘ ਨੂੰ ਲੱਭ ਕੇ ਸੰਪਰਕ ਕੀਤਾ। ਜਾਂਚ ਤੋਂ ਬਾਅਦ ਐਸ ਈ/ਈ ਏ ਅਤੇ ਇਨਫੋਰਸਮੈਂਟ ਜਲੰਧਰ ਨੇ ਰਿਪੋਰਟ ਦਿੱਤੀ ਕਿ ਇੰਜੀਨੀਅਰ ਰਜਿੰਦਰ ਕੁਮਾਰ ਏ ਈ ਈ ਨਾਗੋਕੇ ਨੇ 10 ਹਜ਼ਾਰ ਰੁਪਏ ਰਿਸ਼ਵਤ ਲਈ ਅਤੇ ਸਬੰਧਤ ਜੇ ਈ ਹਰੀ ਸਿੰਘ ਨੇ ਕੁਨੈਕਸ਼ਨ ਜਾਰੀ ਕਰ ਕੇ 5000 ਰੁਪਏ ਰਿਸ਼ਵਤ ਲਈ ਹੈ। ਸੀ ਐਮ ਡੀ ਨੇ ਤੁਰੰਤ ਦੋਵੇਂ ਮੁਲਾਜ਼ਮਾਂ ਨੂੰ ਖਪਤਕਾਰ ਤੋਂ ਰਿਸ਼ਵਤ ਲੈਣ ਕਾਰਨ 9 ਮਾਰਚ ਨੂੰ ਮੁਅੱਤਲ ਕਰ ਦਿੱਤਾ।

# ਗੈਂਗਸਟਰ ਜਸਪ੍ਰੀਤ ਸਿੰਘ ਜੱਸਾ ਦਾ ਗੋਲੀਆਂ ਮਾਰ ਕੇ ਕਤਲ

ਜਲੰਧਰ, 11 ਮਾਰਚ (ਪੋਸਟ ਬਿਊਰੋ)- ਇਸ ਮਹਾਨਗਰ ਦੇ ਸੰਗਤ ਸਿੰਘ ਨਗਰ ਵਿੱਚ ਦੇਰ ਰਾਤ ਇਕ ਗੈਂਗਸਟਰ ਧੜੇ ਨੇ ਆਪਣੇ ਵਿਰੋਧੀ ਧੜੇ ਦੇ ਗੈਂਗਸਟਰ ਜਸਪ੍ਰੀਤ ਸਿੰਘ ਜੱਸਾ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਦੇਰ ਰਾਤ ਵਾਪਰੀ ਇਸ ਘਟਨਾ ਵਿੱਚ ਜੱਸੇ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ ਸਨ। ਮਿਲੀ ਜਾਣਕਾਰੀ ਅਨੁਸਾਰ ਜੱਸੇ ਨੇ ਆਪਣੀ ਜਾਨ ਬਚਾਉਣ ਲਈ ਦੌੜ ਕੇ ਕਿਸੇ ਘਰ ਵਿੱਚ ਲੁਕਣ ਦੀ ਕੋਸ਼ਿਸ਼ ਕੀਤੀ, ਪਰ ਹਮਲਾਵਰਾਂ ਨੇ ਪਿੱਛਾ ਕਰਕੇ ਉਸ ਨੂੰ ਕਈ ਗੋਲੀਆਂ ਮਾਰੀਆਂ। ਜੱਸੇ ਨੂੰ ਲੋਕ ਨਿੱਜੀ ਹਸਪਤਾਲ ਲੈ ਕੇ ਗਏ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਸ ਘਟਨਾ ਦੀ ਸੂਚਨਾ ਮਿਲਦਿਆਂ ਸਾਰ ਡੀ ਸੀ ਪੀ ਗੁਰਮੀਤ ਸਿੰਘ ਅਤੇ ਏ ਡੀ ਸੀ ਪੀ ਮੌਕੇ 'ਤੇ ਪਹੁੰਚੇ ਸਨ। ਇਸ ਘਟਨਾ ਵਿੱਚ ਗੈਂਗਸਟਰ ਕਾਲੂ ਤੇ ਉਸ ਦੇ ਸਾਥੀਆਂ ਦਾ ਨਾਂਅ ਬੋਲ ਰਿਹਾ ਹੈ। ਪੁਲਸ ਨੇ ਥਾਣਾ ਡਿਵੀਜ਼ਨ ਨੰਬਰ ਦੋ ਵਿੱਚ ਆਈ ਪੀ ਸੀ ਦੀ ਧਾਰਾ 302, 148, 149 ਅਤੇ 27 ਅਧੀਨ ਅਜੈ ਮਸੀਹ ਸਮੇਤ 9 ਜਣਿਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਦੋਸ਼ੀਆਂ ਵਿੱਚ ਅਜੈ ਮਸੀਹ, ਉਸ ਦੀ ਪਤਨੀ ਬਬਲੀ, ਭੈਣ ਰੇਨੂੰ, ਪਿਤਾ ਸੈਮਊਲ, ਭਰਾ ਵਿਜੈ ਮਸੀਹ ਤੇ ਅੰਕਲ ਟੀਪੂ ਨੂੰ ਵੀ ਨਾਮਜ਼ਦ ਕੀਤਾ ਹੈ। ਕੇਸ ਜੱਸਾ ਦੇ ਭਰਾ ਗੁਰਪ੍ਰੀਤ ਸਿੰਘ ਦੇ ਬਿਆਨਾਂ 'ਤੇ ਦਰਜ ਕੀਤਾ ਗਿਆ ਹੈ। ਇਹ ਘਟਨਾ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਇਕ ਰਾਤ ਪਹਿਲਾਂ ਵਾਪਰੀ ਹੈ, ਜਿਸ ਨਾਲ ਕਮਿਸ਼ਨਰੇਟ ਪੁਲਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆਂ ਨਿਸ਼ਾਨ ਲੱਗ ਰਹੇ ਹਨ।

We Provide services:
- Corporation Registration
- Corporation Tax Returns
- Personal Tax Retruns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344







# ਸੜਕ ਉੱਤੇ ਪਈ ਲਾਸ਼ ਉੱਪਰੋਂ ਗੱਡੀਆਂ ਲੰਘਦੀਆਂ ਰਹੀਆਂ

ਨਵੀਂ ਦਿੱਲੀ, 11 ਮਾਰਚ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਸ਼ਨੀਵਾਰ ਰਾਤ ਰਾਣੀ ਝਾਂਸੀ ਰੋਡ ਕੋਲ ਹਮਲਾਵਰ ਚਾਕੂ ਮਾਰ ਕੇ ਸਟਾਕ ਐਕਸਚੇਂਜ ਦੇ ਮੁਲਾਜ਼ਮ ਨੂੰ ਜ਼ਖਮੀ ਹਾਲਤ ਵਿੱਚ ਸੜਕ ਉੱਤੇ ਸੁੱਟ ਕੇ ਬਦਮਾਸ਼ ਫਰਾਰ ਹੋ ਗਏ। ਇਸ ਦਾ ਨਤੀਜਾ ਇਹ ਹੋਇਆ ਕਿ ਇਕ-ਇਕ ਕਰ ਕੇ ਗੱਡੀਆਂ ਉਸ ਦੇ ਉੱਪਰੋਂ ਲੰਘਦੀਆਂ ਰਹੀਆਂ ਤੇ ਉਹ ਵੀ ਕੁਝ ਦੇਰ ਲਈ ਨਹੀਂ, ਸਗੋਂ ਕਈ ਘੰਟੇ ਲੰਘਦੀਆਂ ਰਹੀਆਂ। ਉਸ ਨੇ ਮੌਕੇ ਉੱਤੇ ਦਮ ਤੋੜ ਦਿੱਤਾ। ਕਾਫੀ ਦੇਰ ਬਾਅਦ ਕੋਈ ਨੇਕ ਸ਼ਖਸ ਉਧਰੋਂ ਲੰਘਿਆ, ਜਿਸ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ।

ਮਿਲੀ ਜਾਣਕਾਰੀ ਅਨੁਸਾਰ ਇਸ ਮ੍ਰਿਤਕ ਦੀ ਪਛਾਣ ਮੁਹੰਮਦ ਸਮੀਰ (30) ਵਜੋਂ ਹੋਈ ਹੈ। ਪਰਿਵਾਰ ਵਾਲਿਆਂ ਦਾ ਦੋਸ਼ ਹੈ ਕਿ ਜ਼ਮੀਨੀ ਵਿਵਾਦ ਕਾਰਨ ਗੁਆਂਢੀ ਨੇ ਇਹ ਕਤਲ ਕੀਤਾ ਹੈ। ਫਿਲਹਾਲ ਦੇਸ਼ਬੰਧੂ ਗੁਪਤਾ ਰੋਡ ਥਾਣਾ ਪੁਲਸ ਨੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਦੇ ਅਨੁਸਾਰ ਸਮੀਰ ਪੂਰੇ ਪਰਿਵਾਰ ਨਾਲ ਥਾਣਾ ਸਦਰ ਬਾਜ਼ਾਰ ਇਲਾਕੇ ਵਿੱਚ ਰਹਿੰਦਾ ਸੀ। ਪਰਿਵਾਰ ਵਿੱਚ ਬਜ਼ੁਰਗ ਮਾਂ, ਭਰਾ ਮੋਹਸਿਨ ਖਾਨ, ਇਕ ਭੈਣ ਸਮੇਤ ਹੋਰ ਮੈਂਬਰ ਹਨ, ਜਦੋਂ ਕਿ ਪਿਤਾ ਦਾ ਤਿੰਨ ਸਾਲ ਪਹਿਲਾਂ ਦਿਹਾਂਤ ਹੋ ਚੁਕਾ ਹੈ। ਸਮੀਰ ਦਰਿਆਗੰਜ ਸਥਿਤ ਸਟਾਕ ਐਕਸਚੇਂਜ ਦੇ ਦਫ਼ਤਰ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਨੌਕਰੀ ਕਰ ਰਿਹਾ ਸੀ। ਉਹ ਰੋਜ਼ ਵਾਂਗ ਸ਼ਨੀਵਾਰ ਦੀ ਸਵੇਰ ਕਰੀਬ 8 ਵਜੇ ਡਿਊਟੀ ਉੱਤੇ ਜਾਣ ਲਈ ਘਰੋਂ ਨਿਕਲਿਆ, ਪਰ ਦੇਰ ਰਾਤ ਤੱਕ ਵਾਪਸ ਨਹੀਂ ਆਇਆ। ਪਰਿਵਾਰ ਨੇ ਮੋਬਾਈਲ ਉੱਤੇ ਉਸ ਨਾਲ ਸੰਪਰਕ ਕਰਨ ਦੀ ਕਈ ਵਾਰ ਕੋਸ਼ਿਸ਼ ਕੀਤੀ, ਪਰ ਫੋਨ ਨਹੀਂ ਚੁੱਕਿਆ।

ਦੂਸਰੇ ਪਾਸੇ ਕੰਟਰੋਲ ਰੂਮ ਨੰਬਰ ਨੂੰ ਰਾਤ ਕਰੀਬ 10 ਵਜੇ ਇਹ ਸੂਚਨਾ ਮਿਲੀ ਕਿ ਰਾਣੀ ਝਾਂਸੀ ਰੋਡ ਕਸਾਬਪੁਰਾ ਈਦਗਾਹ ਕੋਲ ਇਕ ਸ਼ਖਸ ਦੀ ਲਾਸ਼ ਪਈ ਹੈ, ਪਰ ਸਰੱਹਦੀ ਵਿਵਾਦ ਕਾਰਨ ਸਦਰ ਬਾਜ਼ਾਰ ਅਤੇ ਦੇਸ਼ਬੰਧੂ ਗੁਪਤਾ ਰੋਡ ਥਾਣੇ ਦੀ ਪੁਲਸ ਕਰੀਬ ਅੱਧਾ ਘੰਟਾ ਉਲਝੀ ਰਹੀ ਤੇ ਆਖਰ ਵਿੱਚ ਕੇਸ ਡੀ ਬੀ ਜੀ ਰੋਡ ਥਾਣਾ ਪੁਲਸ ਨੂੰ ਟਰਾਂਸਫਰ ਕਰ ਦਿੱਤਾ ਗਿਆ। ਇਸ ਦਾ ਨਤੀਜਾ ਇਹ ਸੀ ਕਿ ਕਈ ਗੱਡੀਆਂ ਸਮੀਰ ਦੇ ਉੱਤੋਂ ਦੀ ਨਿਕਲ ਗਈਆਂ। ਸੀਨੀਅਰ ਪੁਲਸ ਅਫਸਰਾਂ ਅਨੁਸਾਰ ਹਾਦਸੇ ਵਾਲੀ ਜਗ੍ਹਾ ਤੋਂ ਮ੍ਰਿਤਕ ਦਾ ਪਰਸ, ਮੋਬਾਇਲ ਅਤੇ ਕੁਝ ਕੈਸ਼ ਸਹੀ ਸਲਾਮਤ ਮਿਲ ਗਿਆ ਹੈ। ਉਸ ਦੀ ਛਾਤੀ ਉੱਤੇ ਚਾਕੂ ਦੇ ਤਿੰਨ ਨਿਸ਼ਾਨ ਮਿਲੇ ਹਨ। ਪੁਲਸ ਨੇ ਮ੍ਰਿਤਕ ਦੇ ਕੁਝ ਕਰੀਬੀ ਸਾਥੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਮ੍ਰਿਤਕ ਦੇ ਭਰਾ ਮੋਹਸੀਨ ਦਾ ਦੋਸ਼ ਹੈ ਕਿ ਉਨ੍ਹਾਂ ਦਾ ਕਰੀਬ 2 ਸਾਲ ਤੋਂ ਆਪਣੇ ਗੁਆਂਢੀ ਨਾਲ ਜ਼ਮੀਨ ਨੂੰ ਲੈ ਕੇ ਵਿਵਾਦ ਚੱਲਦਾ ਹੈ ਤੇ ਉਹ ਕਈ ਵਾਰ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਚੁਕਾ ਹੈ। ਉਸ ਨੇ ਆਪਣੇ ਤਿੰਨ-ਚਾਰ ਸਾਥੀਆਂ ਨਾਲ ਮਿਲ ਕੇ ਇਹ ਕਤਲ ਕੀਤਾ ਹੈ।

# ਸਮਝੌਤਾ ਬਲਾਸਟ ਕੇਸ ਵਿੱਚ ਫੈਸਲਾ 14 ਮਾਰਚ ਤੱਕ ਟਲਿਆ



ਪੰਚਕੂਲਾ, 11 ਮਾਰਚ (ਪੋਸਟ ਬਿਊਰੋ)- ਹਰਿਆਣਾ ਦੇ ਪੰਚਕੂਲਾ ਦੀ ਵਿਸ਼ੇਸ਼ ਐੱਨ ਆਈ ਏ ਕੋਰਟ ਨੇ ਅੱਜ ਸਮਝੌਤਾ ਬਲਾਸਟ ਕੇਸ ਦਾ ਫੈਸਲਾ ਸੁਣਾਉਣਾ ਸੀ, ਪਰ ਇਹ 14 ਮਾਰਚ ਤੱਕ ਟਾਲ ਦਿੱਤਾ ਹੈ। ਇਸ ਕੇਸ ਦੀ ਫਾਈਨਲ ਬਹਿਸ ਪੂਰੀ ਹੋ ਚੁਕੀ ਹੈ ਅਤੇ ਕੋਰਟ ਨੇ ਆਪਣਾ ਫੈਸਲਾ 11 ਮਾਰਚ ਸੋਮਵਾਰ ਲਈ ਸੁਰੱਖਿਅਤ ਰੱਖ ਲਿਆ ਸੀ।

ਅੱਜ ਸੁਣਵਾਈ ਦੌਰਾਨ ਇਸ ਮਾਮਲੇ ਦੇ ਦੋਸ਼ੀ ਅਸੀਮਾਨੰਦ, ਕਮਲ ਚੌਹਾਨ, ਲੋਕੇਸ਼ ਸ਼ਰਮਾ ਅਤੇ ਰਜਿੰਦਰ ਚੌਧਰੀ ਪੰਚਕੂਲਾ ਕੋਰਟ ਵਿੱਚ ਪੁੱਜੇ ਹੋਏ ਹਨ। ਕੋਰਟ ਦੇ ਬਾਹਰ ਦੋਸ਼ੀਆਂ ਦੇ ਸਮਰਥਕਾਂ ਨੇ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਾਏ। ਪਿਛਲੇ ਬੁੱਧਵਾਰ ਐੱਨ ਆਈ ਏ ਕੋਰਟ ਵਿੱਚ ਸੁਣਵਾਈ ਦੌਰਾਨ ਐੱਨ ਆਈ ਏ ਕੋਰਟ ਵਿੱਚ ਸਮਝੌਤਾ ਬਲਾਸਟ ਦੇ ਮੁੱਖ ਦੋਸ਼ੀ ਅਸੀਮਾਨੰਦ, ਲੋਕੇਸ਼ ਸ਼ਰਮਾ, ਕਮਲ ਚੌਹਾਨ ਅਤੇ ਰਾਜਿੰਦਰ ਚੌਧਰੀ ਪੇਸ਼ ਹੋਏ ਸਨ। ਉਸ ਸੁਣਵਾਈ ਵਿੱਚ ਐੱਨ ਆਈ ਏ ਦੀ ਸਪੈਸ਼ਲ ਕੋਰਟ ਵਿੱਚ ਬਚਾਅ ਪੱਖ ਦੇ ਵਕੀਲਾਂ ਵਲੋਂ ਦਿੱਤੀਆਂ ਦਲੀਲਾਂ ਦਾ ਇਸਤਗਾਸਾ ਪੱਖ ਦੇ ਵਕੀਲਾਂ ਨੇ ਜਵਾਬ ਦਿੱਤਾ ਸੀ, ਜਿਸ ਮਗਰੋਂ ਬਹਿਸ ਪੂਰੀ ਹੋ ਗਈ ਅਤੇ ਕੋਰਟ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ। ਇਸ ਤੋਂ ਬਾਅਦ ਆਸ ਸੀ ਕਿ ਕੋਰਟ 11 ਮਾਰਚ ਨੂੰ ਆਪਣਾ ਫੈਸਲਾ ਸੁਣਾ ਸਕਦੀ ਹੈ।

ਭਾਰਤ-ਪਾਕਿਸਤਾਨ ਵਿਚਾਲੇ ਹਫਤੇ ਵਿੱਚ 2 ਦਿਨ ਚੱਲਦੀ ਸਮਝੌਤਾ ਐਕਸਪ੍ਰੈੱਸ ਵਿੱਚ 18 ਫਰਵਰੀ 2007 ਨੂੰ ਬੰਬ ਧਮਾਕਾ ਹੋਇਆ ਸੀ, ਜਿਸ ਵਿੱਚ 68 ਲੋਕਾਂ ਦੀ ਮੌਤ ਹੋ ਗਈ ਅਤੇ12 ਲੋਕ ਜ਼ਖਮੀ ਹੋਏ ਸਨ। ਟਰੇਨ ਦਿੱਲੀ ਤੋਂ ਲਾਹੌਰ ਜਾ ਰਹੀ ਸੀ। ਧਮਾਕੇ ਵਿੱਚ ਮਰਨ ਵਾਲਿਆਂ ਵਿੱਚ ਬਹੁਤੇ ਲੋਕ ਪਾਕਿਸਤਾਨੀ ਨਾਗਰਿਕ ਸਨ। ਮਾਰੇ ਗਏ 68 ਲੋਕਾਂ ਵਿੱਚ 16 ਬੱਚਿਆਂ ਸਮੇਤ ਚਾਰ ਰੇਲ ਮੁਲਾਜ਼ਮ ਸ਼ਾਮਲ ਸਨ। ਇਹ ਧਮਾਕਾ ਹਰਿਆਣਾ ਦੇ ਪਾਨੀਪਤ ਜ਼ਿਲੇ ਵਿੱਚ ਚਾਂਦਨੀ ਬਾਗ ਥਾਣੇ ਹੇਠਲੇ ਸਿਵਾਹ ਪਿੰਡ ਦੇ ਦੀਵਾਨਾ ਸਟੇਸ਼ਨ ਨੇੜੇ ਹੋਇਆ ਸੀ। ਇਸ ਕੇਸ ਦੇ ਸਾਰੇ ਦੋਸ਼ੀਆਂ ਖਿਲਾਫ ਪੰਚਕੂਲਾ ਦੀ ਸਪੈਸ਼ਲ ਐੱਨ ਆਈ ਏ ਕੋਰਟ ਵਿੱਚ ਕੇਸ ਚੱਲ ਰਿਹਾ ਹੈ, ਜਿਸ ਦੇ 224 ਗਵਾਹਾਂ ਦੇ ਬਿਆਨ ਸਰਕਾਰ ਵਲੋਂ ਦਰਜ ਹੋਏ ਸਨ। ਇਸ ਕੇਸ ਵਿੱਚ ਬਚਾਅ ਪੱਖ ਦਾ ਕੋਈ ਗਵਾਹ ਪੇਸ਼ ਨਹੀਂ ਹੋਇਆ ਹੈ। ਇਸ ਕੇਸ ਵਿੱਚ ਕੁੱਲ 302 ਗਵਾਹ ਸਨ। ਇਨ੍ਹਾਂ ਵਿੱਚੋਂ 4 ਪਾਕਿਸਤਾਨੀ ਨਾਗਰਿਕ ਸਨ।

# ਸੁਖਦੇਵ ਸਿੰਘ ਢੀਂਡਸਾ ਤੇ ਬਲਦੇਵ ਸਿੰਘ ਢਿੱਲੋਂ ਦਾ ਪਦਮ ਭੂਸ਼ਣ ਨਾਲ ਸਨਮਾਨ



*ਅਕਾਲੀ ਦਲ ਦੇ ਸਾਬਕਾ ਨੇਤਾ ਸੁਖਦੇਵ ਸਿੰਘ ਢੀਂਡਸਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਤੋਂ ਪਦਮ ਭੂਸ਼ਣ ਸਨਮਾਨ ਹਾਸਿਲ ਕਰਦੇ ਹੋਏ।*

ਨਵੀਂ ਦਿੱਲੀ, 11 ਮਾਰਚ (ਪੋਸਟ ਬਿਊਰੋ)- ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਰਾਸ਼ਟਰਪਤੀ ਭਵਨ ਵਿੱਚ ਆਯੋਜਿਤ ਵਿਸ਼ੇਸ਼ ਪ੍ਰੋਗਰਾਮ ਵਿੱਚ ਇਸ ਸਾਲ ਪਦਮ ਭੂਸ਼ਣ ਐਵਾਰਡ ਲਈ ਚੁਣੀਆਂ ਗਈਆਂ 112 ਸ਼ਖ਼ਸੀਅਤਾਂ ਵਿੱਚੋਂ 56 ਲੋਕਾਂ ਨੂੰ ਸਨਮਾਨਤ ਕੀਤਾ ਹੈ। ਬਾਕੀ ਲੋਕਾਂ ਨੂੰ ਇਹ ਐਵਾਰਡ 16 ਮਾਰਚ ਨੂੰ ਦਿੱਤੇ ਜਾਣਗੇ।

ਅਕਾਲੀ ਦਲ ਦੇ ਸਾਬਕਾ ਨੇਤਾ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੂੰ ਰਾਸ਼ਟਰਪਤੀ ਨੇ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ ਹੈ। ਇਹ ਸਨਮਾਨ ਮਿਲਣ ਪਿੱਛੋਂ ਢੀਂਡਸਾ ਪਰਿਵਾਰ ਨੂੰ ਖ਼ੁਸ਼ੀ ਜ਼ਾਹਰ ਕੀਤੀ। ਢੀਂਡਸਾ ਨੇ ਦੱਸਿਆ ਕਿ ਸਰਕਾਰ ਨੇ ਉਨ੍ਹਾਂ ਦੇ ਸਮਾਜਿਕ ਕੰਮਾਂ ਨੂੰ ਵੇਖਦਿਆਂ ਇਹ ਐਵਾਰਡ ਦਿੱਤਾ ਹੈ।

ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ ਏ ਯੂ) ਦੇ ਵਾਈਸ ਚਾਂਸਲਰ ਅਤੇ ਪ੍ਰਸਿੱਧ ਖੇਤੀ ਵਿਗਿਆਨੀ ਡਾ. ਬਲਦੇਵ ਸਿੰਘ ਢਿੱਲੋਂ ਨੂੰ ਵੀ ਰਾਸ਼ਟਰਪਤੀ ਨੇ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ ਹੈ। ਡਾ. ਢਿੱਲੋਂ ਨੂੰ ਪਲਾਂਟ ਬ੍ਰੀਡਿੰਗ ਤੇ ਮੱਕੀ ਦੀ ਰਿਸਰਚ ਲਈ ਸੰਸਾਰ ਭਰ ਵਿੱਚ ਜਾਣਿਆ ਜਾਂਦਾ ਹੈ। ਇਸ ਤੋਂ ਬਿਨਾ ਭਾਜਪਾ ਦੇ ਲੋਕ ਸਭਾ ਮੈਂਬਰ ਹੁਕਮ ਦੇਵ ਨਾਰਾਇਣ ਯਾਦਵ, ਐਕਟਰ ਤੇ ਡਾਇਰੈਕਟਰ ਮੋਹਨ ਲਾਲ, ਮਰਹੂਮ ਪੱਤਰਕਾਰ ਕੁਲਦੀਪ ਨਈਅਰ, ਮਰਹੂਮ ਐਕਟਰ ਕਾਦਰ ਖ਼ਾਨ, ਐਕਟਰ ਅਤੇ ਡਾਇਰੈਕਟਰ ਪ੍ਰਭੂ ਦੇਵਾ, ਬਲਬੰਤ ਮੋਰੇਸ਼ਵਰ ਪੁਰੰਦਰੇ, ਜਾਨ ਚੈਂਬਰਸ, ਸੁਬਰਾਮਣੀਅਮ ਜੈਸ਼ੰਕਰ, ਸ਼ਰਤ ਕਮਲ, ਹਰਿਕਾ ਦ੍ਰੋਨਾਵੱਲੀ, ਬਜਰੰਗ ਪੂਨੀਆ ਨੂੰ ਪਦਮ ਭੂਸ਼ਣ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

# ਕਾਲਾ ਹਿਰਨ ਸ਼ਿਕਾਰ ਕੇਸ ਵਿੱਚ ਫਿਲਮੀ ਸਿਤਾਰਿਆਂ ਦੀ ਮੁਸ਼ਕਲ ਵਧਣ ਲੱਗੀ

ਜੋਧਪੁਰ, 11 ਮਾਰਚ (ਪੋਸਟ ਬਿਊਰੋ)- ਬਹੁ-ਚਰਚਿਤ ਕਾਲੇ ਹਿਰਨ ਸ਼ਿਕਾਰ ਕੇਸ ਵਿੱਚ ਦੋਸ਼ੀ ਫਿਲਮੀ ਸਿਤਾਰਿਆਂ ਦੀ ਮੁਸ਼ਕਿਲ ਫਿਰ ਵਧ ਸਕਦੀ ਹੈ। ਰਾਜਸਥਾਨ ਸਰਕਾਰ ਦੀ ਅਪੀਲ ਉੱਤੇ ਜੋਧਪੁਰ ਹਾਈ ਕੋਰਟ ਦੇ ਜੱਜ ਮਨੋਜ ਕੁਮਾਰ ਗਰਗ ਨੇ ਐਕਟਰ ਸੈਫ ਅਲੀ ਖ਼ਾਨ, ਸੋਨਾਲੀ ਬੇਂਦਰੇ, ਨੀਲਮ, ਤੱਬੂ ਤੇ ਦੁਸ਼ਯੰਤ ਸਿੰਘ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਕੇਸ ਵਿੱਚ ਅਦਾਕਾਰ ਸਲਮਾਨ ਖ਼ਾਨ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਉਹ ਜੇਲ੍ਹ ਵਿੱਚ ਵੀ ਰਹੇ ਸਨ। ਵਰਨਣ ਯੋਗ ਹੈ ਕਿ ਪਿਛਲੇ ਸਾਲ ਸਲਮਾਨ ਖ਼ਾਨ ਨੂੰ ਸਾਲ 1998 ਵਿੱਚ ਇੱਕ ਫਿਲਮ ‘ਹਮ ਸਾਥ-ਸਾਥ ਹੈਂ’ ਦੀ ਸ਼ੂਟਿੰਗ ਦੌਰਾਨ ਦੋ ਕਾਲੇ ਹਿਰਨ ਦੇ ਸ਼ਿਕਾਰ ਦੇ ਕੇਸ ਦਾ ਦੋਸ਼ੀ ਪਾਇਆ ਗਿਆ ਸੀ। ਐਕਟਰ ਸੈਫ ਅਲੀ ਖ਼ਾਨ, ਸੋਨਾਲੀ ਬੇਂਦਰੇ, ਨੀਲਮ ਅਤੇ ਤੱਬੂ ਨੂੰ ਬਰੀ ਕਰ ਦਿੱਤਾ ਗਿਆ ਸੀ। ਇਸ ਕੇਸ ਵਿੱਚ ਸਲਮਾਨ ਖ਼ਾਨ ਨਾਲ ਉਕਤ ਸਾਰੇ ਬਾਲੀਵੁੱਡ ਕਲਾਕਾਰ ਸਹਿ ਦੋਸ਼ੀ ਸਨ ਅਤੇ ਇਨ੍ਹਾਂ ਸਾਰਿਆਂ ਨੂੰ ਸ਼ੱਕ ਦਾ ਲਾਭ ਦਿੰਦਿਆਂ ਚੀਫ ਜੁਡੀਸ਼ਲ ਮੈਜਿਸਟਰੇਟ ਦੇਵ ਕੁਮਾਰ ਖੱਤਰੀ ਨੇ ਬਰੀ ਕਰ ਦਿੱਤਾ ਸੀ। ਇਸ ਬਾਰੇ ਸਰਕਾਰੀ ਵਕੀਲ ਨੇ ਆਦੇਸ਼ ਨੂੰ ਚੁਣੌਤੀ ਦਿੱਤੀ ਸੀ, ਜਿਸ ਉੱਤੇ ਸੋਮਵਾਰ ਨੂੰ ਹਾਈ ਕੋਰਟ ਨੇ ਪੰਜ ਲੋਕਾਂ ਨੂੰ ਨੋਟਿਸ ਜਾਰੀ ਕੀਤਾ ਹੈ।

# ਬਦਮਾਸ਼ 13.66 ਲੱਖ ਨਾਲ ਭਰੀ ਏ ਟੀ ਐੱਮ ਪੁੱਟ ਕੇ ਲੈ ਗਏ



ਰੋਹਤਕ, 11 ਮਾਰਚ (ਪੋਸਟ ਬਿਊਰੋ)- ਰੋਹਤਕ ਦੇ ਪਿੰਡ ਇਸਮਾਈਲਾ ਦੇ ਮੇਨ ਬਸ ਸਟੈਂਡ ਤੋਂ ਬਦਮਾਸ਼ ਐੱਸ ਬੀ ਆਈ (ਸਟੇਟ ਬੈਂਕ ਆਫ ਇੰਡੀਆ) ਦੀ ਏ ਟੀ ਐੱਮ ਮਸ਼ੀਨ ਪੁੱਟ ਕੇ ਲੈ ਗਏ। ਏ ਟੀ ਐਮ ਵਿੱਚ 13.66 ਲੱਖ ਰੁਪਏ ਕੈਸ਼ ਸੀ। ਵਾਰਦਾਤ ਸ਼ਨੀਵਾਰ ਰਾਤ ਕਰੀਬ ਢਾਈ ਵਜੇ ਹੋਈ।

ਕੱਲ੍ਹ ਸਵੇਰੇ ਪਿੰਡ ਵਾਸੀਆਂ ਨੇ ਏ ਟੀ ਐੱਮ ਬੂਥ ਦਾ ਸ਼ਟਰ ਉਖੜਿਆ ਦੇਖ ਕੇ ਇਸ ਦੀ ਸੂਚਨਾ ਬੈਂਕ ਮੈਨੇਜਰ ਅਤੇ ਪੁਲਸ ਨੂੰ ਦਿੱਤੀ। ਆਸਪਾਸ ਦੀਆਂ ਦੁਕਾਨਾਂ ਦੇ ਸੀ ਸੀ ਟੀ ਵੀ ਫੁਟੇਜ ਵਿੱਚ ਬਦਮਾਸ਼ ਸਕਾਰਪੀਓ ਗੱਡੀ ਵਿੱਚ ਏ ਟੀ ਐੱਮ ਲੱਦ ਕੇ ਲੈ ਜਾਂਦੇ ਨਜ਼ਰ ਆ ਰਹੇ ਹਨ। ਫੁਟੇਜ ਦੇ ਆਧਾਰ 'ਤੇ ਪੁਲਸ ਦਾ ਮੰਨਣਾ ਹੈ ਕਿ ਬਦਮਾਸ਼ਾਂ ਨੇ ਕਰੀਬ 16 ਮਿੰਟ ਵਿੱਚ ਵਾਰਦਾਤ ਕਰ ਦਿੱਤੀ ਸੀ। ਏ ਟੀ ਐੱਮ ਬੂਥ ਉੱਤੇ ਕੋਈ ਨਿਯੁਕਤ ਨਹੀਂ ਸੀ। ਇਸ ਦਾ ਜ਼ਿੰਮਾ ਸੰਭਾਲ ਰਹੀ ਕੰਪਨੀ ਏ ਜੀ ਐੱਮ ਦਾ ਦਾਅਵਾ ਹੈ ਕਿ ਉਸ ਨੇ ਗਾਰਡ ਨਿਯੁਕਤੀ ਦੇ ਲਈ ਬੈਂਕ ਤੋਂ ਅਪਰੂਵਲ ਦੇ ਲਈ ਫਾਇਲ ਭੇਜੀ ਹੋਈ ਹੈ, ਪਰ ਬੈਂਕ ਨੇ ਅਜੇ ਮਨਜ਼ੂਰੀ ਨਹੀਂ ਦਿੱਤੀ। ਏ ਜੀ ਐੱਮ ਕੰਪਨੀ ਦੇ ਫੀਲਡ ਅਫਸਰ ਪ੍ਰਦੀਪ ਸੂਰੀ ਦੀ ਸ਼ਿਕਾਇਤ 'ਤੇ ਅਣਪਛਾਤੇ ਬਦਮਾਸ਼ਾਂ ਖਿਲਾਫ ਕੇਸ ਦਰਜ ਕਰ ਲਿਆ ਹੈ। ਸੀ ਸੀ ਟੀ ਵੀ ਫੁਟੇਜ ਵਿੱਚ ਪਤਾ ਲੱਗਾ ਕਿ ਵਾਰਦਾਤ ਤੋਂ ਕਰੀਬ ਚਾਲੀ ਮਿੰਟ ਪਹਿਲਾਂ ਏ ਟੀ ਐੱਮ ਬੂਥ ਦੇ ਨੇੜਿਉਂ ਪੀ ਸੀ ਆਰ ਨੇ ਗਸ਼ਤ ਕੀਤੀ ਸੀ।

# ਲੱਕੜੀਆਂ ਚੁਣਨ ਗਈ ਔਰਤ ਨੂੰ ਹਾਥੀ ਨੇ ਪਟਕ ਕੇ ਮਾਰ ਦਿੱਤਾ

ਰੁੜਕੀ (ਬੁੱਗਾਵਾਲਾ), 11 ਮਾਰਚ (ਪੋਸਟ ਬਿਊਰੋ)- ਰਾਜਾਜੀ ਟਾਈਗਰ ਰਿਜ਼ਰਵ ਦੇ ਧੌਲਖੰਡ ਰੇਂਜ ਵਾਲੇ ਜੰਗਲ ਵਿੱਚ ਲੱਕੜੀ ਚੁਣਨ ਗਈ ਔਰਤ ਨੂੰ ਹਾਥੀ ਨੇ ਪਟਕ ਕੇ ਮਾਰ ਦਿੱਤਾ। ਜਾਨ ਬਚਾ ਕੇ ਭੱਜ ਰਹੀ ਇਕ ਹੋਰ ਔਰਤ ਹਾਥੀ ਦੇ ਹਮਲੇ ਵਿੱਚ ਗੰਭੀਰ ਜ਼ਖਮੀ ਹੋ ਗਈ। ਪਰਵਾਰਕ ਮੈਂਬਰਾਂ ਨੇ ਉਸ ਨੂੰ ਛੁਟਮਲਪੁਰ ਦੇ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਹੈ। ਇਥੇ ਔਰਤ ਦੀ ਹਾਲਤ ਚਿੰਤਾਜਨਕ ਦੱਸੀ ਜਾ ਰਹੀ ਹੈ। ਦੂਸਰੇ ਪਾਸੇ ਘਟਨਾ ਦੇ ਬਾਅਦ ਰਾਜਾਜੀ ਟਾਈਗਰ ਰਿਜ਼ਰਵ ਦੇ ਕਿਸੇ ਅਧਿਕਾਰੀ ਕਰਮਚਾਰੀ ਦੇ ਮੌਕੇ 'ਤੇ ਨਹੀਂ ਪਹੁੰਚਣ ਨਾਲ ਸਥਾਨਕ ਲੋਕਾਂ ਵਿੱਚ ਰੋਸ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਦੁਪਹਿਰ ਕਰੀਬ ਇਕ ਵਜੇ ਬੰਦਰਜੂਡ ਪਿੰਡ ਕੁਝ ਔਰਤਾਂ ਝੁੰਡ ਵਿੱਚ ਰਾਜਾਜੀ ਟਾਈਗਰ ਰਿਜ਼ਰਵ ਦੇ ਧੌਲਖੰਡ ਰੇਂਜ ਦੇ ਜੰਗਲ ਵਿੱਚ ਲੱਕੜੀਆਂ ਚੁਣਨ ਗਈਆਂ ਸਨ। ਪਾਰਕ ਦਾ ਇਹ ਖੇਤਰ ਪਿੰਡ ਨਾਲ ਲੱਗਿਆ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਲੱਕੜੀਆਂ ਚੁਣਦੇ-ਚੁਣਦੇ ਦੋ ਔਰਤਾਂ ਜੰਗਲ ਵਿੱਚ ਕਾਫੀ ਅੱਗੇ ਚਲੇ ਗਈਆਂ। ਇਸ ਦੌਰਾਨ ਘਾਹ ਵਿੱਚ ਲੁਕਿਆ ਹਾਥੀ ਦੋਵਾਂ ਔਰਤਾਂ ਦੇ ਪਿੱਛੇ ਦੌੜ ਪਿਆ। ਭੱਜਦੇ ਸਮੇਂ ਹਾਥੀ ਨੇ ਸੁੰਡ ਨਾਲ ਇਕ ਔਰਤ 'ਤੇ ਹਮਲਾ ਕਰ ਦਿੱਤਾ ਤਾਂ ਇਮ-ਰਾਨਾ (30) ਜ਼ਖਮੀ ਹੋ ਗਈ। ਜਿਵੇਂ-ਤਿਵੇਂ ਉਹ ਭੱਜ ਕੇ ਲੱਕੜੀਆਂ ਚੁਣ ਰਹੀਆਂ ਹੋਰ ਔਰਤਾਂ ਕੋਲ ਪੁੱਜੀ ਅਤੇ ਦੱਸਿਆ ਕਿ ਹਾਥੀ ਇਕ ਔਰਤ ਦੇ ਪਿੱਛੇ ਪਿਆ ਹੈ। ਕੁਝ ਲੋਕ ਦੂਸਰੀ ਔਰਤ ਨੂੰ ਲੱਭਦੇ ਹੋਏ ਜੰਗਲ ਵਿੱਚ ਗਏ ਤਾਂ ਕੁਝ ਦੂਰੀ 'ਤੇ ਫਾਤਮਾ (45) ਦੀ ਖ਼ੂਨ ਨਾਲ ਲਥਪਥ ਲਾਸ਼ ਮਿਲੀ।

# ਰਾਜਨੀਤੀ ਤੇ ਕ੍ਰਿਕਟ ਵਿੱਚ ਕੁਝ ਵੀ ਸੰਭਵ: ਗਡਕਰੀ



ਨਵੀਂ ਦਿੱਲੀ, 11 ਮਾਰਚ (ਪੋਸਟ ਬਿਊਰੋ)- ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਰਾਜਨੀਤੀ ਨੂੰ ਜ਼ਰੂਰਤਾਂ, ਸੀਮਾਵਾਂ ਅਤੇ ਵਿਰੋਧ ਦੀ ਖੇਡ ਦੱਸਦੇ ਹੋਏ ਕਿਹਾ ਕਿ ਸਿਆਸਤ ਅਤੇ ਕ੍ਰਿਕਟ ਵਿੱਚ ਕੁਝ ਵੀ ਹੋ ਸਕਦਾ ਹੈ।

ਇਕ ਇੰਟਰਵਿਊ ਵਿੱਚ ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਮੌਜੂਦਾ ਕਾਰ-ਜਕਾਲ ਵਿੱਚ ਕੁਝ ਕੰਮ ਪੂਰੇ ਨਹੀਂ ਹੋ ਸਕੇ, ਤਾਂ ਗਡਕਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦਾ ਕੋਈ ਖੇਦ ਨਹੀਂ ਹੈ। ਕਿਸੇ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਪੂਰਨ ਹੈ, ਹਰ ਕਿਸੇ ਨੂੰ ਲਗਾਤਾਰ ਕੰਮ ਕਰਨਾ ਚਾਹੀਦਾ। ਗਡਕਰੀ ਨੇ ਪ੍ਰਾਪਤੀਆਂ ਗਿਣਾਉਂਦੇ ਹੋਏ ਕਿਹਾ ਕਿ ਰਾਸ਼ਟਰੀ ਸਿਹਤ ਬੀਮਾ ਯੋਜਨਾ ਨਾਲ 10 ਕਰੋੜ ਪਰਵਾਰਾਂ ਨੂੰ ਲਾਭ ਪੁੱਜਾ ਤੇ ਪ੍ਰਧਾਨ ਮੰਤਰੀ ਨਿਵਾਸ ਯੋਜਨਾ ਦੇ ਤਹਿਤ 1.5 ਕਰੋੜ ਮਕਾਨ ਬਣਾਏ ਗਏ ਹਨ। ਉਜੱਵਲਾ ਯੋਜਨਾ ਹੇਠ ਛੇ ਕਰੋੜ ਲੋਕਾਂ ਨੂੰ ਗੈਸ ਸਿਲੰਡਰ ਮਿਲੇ ਹਨ। ਸਰਕਾਰ ਨੇ ਕਈ ਅਜਿਹੇ ਕਾਨੂੰਨ ਖਤਮ ਕੀਤੇ ਜਾਂ ਉਸ ਵਿੱਚ ਸੋਧ ਕੀਤੀ ਹੈ, ਜੋ ਸਮੇਂ ਨਾਲ ਆਪਣੀ ਹੋਂਦ ਗਵਾ ਚੁੱਕੇ ਸਨ। ਉਨ੍ਹਾਂ ਕਿਹਾ, ਮੈਂ ਸੁਪਨੇ ਨਹੀਂ ਦੇਖਦਾ, ਨਾ ਮੈਂ ਕਿਸੇ ਦੇ ਕੋਲ ਜਾਂਦਾ ਹਾਂ ਅਤੇ ਨਾ ਲਾਬਿੰਗ ਕਰਦਾ ਹਾਂ। ਮੈਨੂੰ ਨਾ ਤਾਂ ਰਾਜਨੀਤੀ ਅਤੇ ਨਾ ਹੀ ਕੰਮ ਵਿੱਚ ਕੋਈ ਹਿਸਾਬ ਕਿਤਾਬ ਕੀਤਾ ਹੈ। ਕਦੇ ਕੋਈ ਟੀਚਾ ਤੈਅ ਨਹੀਂ ਕੀਤਾ। ਮੈਂ ਤਾਂ ਚੱਲਿਆ, ਜਿੱਧਰ ਚੱਲੇ ਰਸਤਾ, ਜੋ ਕੰਮ ਦਿਸਿ-ਆ, ਕਰਦਾ ਗਿਆ।


## ਉਨਟਰੀਓ ਖਾਲਸਾ ਦਰਬਾਰ, ਮਿਸੀਸਾਗਾ

## ਦੇ ਸਮੂੰਹ ਮੈਂਬਰਾਂ ਲਈ ਚੋਣ ਸੰਬੰਧੀ ਜ਼ਰੂਰੀ ਸੂਚਨਾ

## PUBLIC NOTICE



ਉਨਟਰੀਓ ਖਾਲਸਾ ਦਰਬਾਰ ਦੀ ਜਨਰਲ ਬਾਡੀ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਮੁਤਾਬਿਕ, ਅਪ੍ਰੈਲ 2019 ਤੋਂ ਮਾਰਚ 2022 ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਨ ਦਾ ਕਾਰਜ ਸ਼ੁਰੂ ਹੋ ਚੁੱਕਾ ਹੈ। ਇਸ ਸਬੰਧ ਵਿਚ ਤਿੰਨ ਮੈਂਬਰੀ ਇਲਕੈਸ਼ਨ ਕਮਿਸ਼ਨ ਦੀ ਸਥਾਪਨਾ ਹੋ ਚੁੱਕੀ ਹੈ ਅਤੇ ਸਮੂੰਹ ਜਨਰਲ ਬਾਡੀ ਮੈਂਬਰਾਂ ਨੂੰ ਕੈਨੇਡਾ ਪੋਸਟ ਦੇ ਜ਼ਰੀਏ ਚਿੱਠੀ ਭੇਜੀ ਜਾ ਚੁੱਕੀ ਹੈ।

ਬੋਰਡ ਆਫ ਡਾਇਰੈਕਟਰ ਦੇ ਵਿਚ ਸੇਵਾ ਨਿਭਾਉਣ ਦੀ ਇੱਛਾ ਰੱਖਣ ਵਾਲੇ ਮੈਂਬਰਾਂ ਨੂੰ ਇਲਕੈਸ਼ਨ ਕਮਿਸ਼ਨ ਨਾਲ ਸੰਪਰਕ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਜੇਕਰ 11 ਤੋਂ ਜ਼ਿਆਦਾ ਉਮੀਦਵਾਰ ਹੋਏ ਤਾਂ ਗੁਰਦੁਆਰਾ ਸਾਹਿਬ ਦੇ ਬੋਰਡ ਆਫ ਡਾਇਰੈਕਟਰ ਦੀ ਚੋਣ 31 ਮਾਰਚ 2019 ਨੂੰ ਹੋਵੇਗੀ।
ਜੇਕਰ ਕਿਸੇ ਜਨਰਲ ਬਾਡੀ ਮੈਂਬਰ ਨੂੰ ਉਨਟਾਰੀਓ ਖਾਲਸਾ ਦਰਬਾਰ ਵਲੋਂ ਇਸ ਇਲਕੈਸ਼ਨ ਪ੍ਰਤੀ ਜਰੂਰੀ ਤਰੀਕਾਂ/ਸਮਾਂ ਆਦਿ ਤੋਂ ਇਲਾਵਾ ਇਲਕੈਸ਼ਨ ਕਮਿਸ਼ਨ ਨਾਲ ਸਬੰਧਤ ਭੇਜੀ ਹੋਈ ਚਿੱਠੀ ਨਹੀਂ ਮਿਲੀ ਤਾਂ ਉਸ ਮੈਂਬਰ ਨੂੰ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਆਪਣਾ ਐਡਰਸ ਜਾਂ ਨਾਮ ਦੀ ਤਬਦੀਲੀ ਕਰਵਾਉਣ ਲਈ ਸਬੂਤਾਂ ਤਹਿਤ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਕਮਿਸ਼ਨ ਦੇ ਨਾਲ ਸੰਪਰਕ ਕਰਨ ਲਈ ਈ-ਮੇਲ OKD19Election@outlook.com
ਜਾਂ ਹੇਠਾਂ ਦਿੱਤੇ ਤਿੰਨ ਟੈਲੀਫੂਨ ਨੰਬਰ ਉਪਰ ਸੰਪਰਕ ਕੀਤਾ ਜਾ ਸਕਦਾ ਹੈ।

ਇਲਕੈਸ਼ਨ ਕਮਿਸ਼ਨ ਨਾਲ ਸੰਪਰਕ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਇਲਕੈਸ਼ਨ ਕਮਿਸ਼ਨ ਵੱਲੋਂ ਨਿਰਧਾਰਤ ਕੀਤੇ ਗਏ ਪੇਪਰ-ਵਰਕ ਨੂੰ ਪੂਰਿਆ ਕਰਨ ਦੇ ਲਈ ਕਿਉਂਕਿ ਸਮਾਂ ਲੱਗੇਗਾ, ਇਸ ਲਈ ਇਹ ਬਹੁਤ ਜ਼ਰੂਰੀ ਹੈ ਬੋਰਡ ਆਫ ਡਾਇਰੈਕਟਰ ਵਿਚ ਸੇਵਾ ਨਿਭਾਉਣ ਦੀ ਇੱਛਾ ਰੱਖਣ ਵਾਲੇ ਮੈਂਬਰ, ਤੁਰੰਤ ਕਮਿਸ਼ਨ ਦੇ ਕਿਸੇ ਵੀ ਇਕ ਮੈਂਬਰ ਨਾਲ ਸੰਪਰਕ ਕਰਕੇ ਆਪਣਾ ਪੈਕੇਜ ਲੈ ਕੇ ਸਹੀ ਸਮੇਂ ਦੇ ਅੰਦਰ (ਐਤਵਾਰ, 17 ਮਾਰਚ, 2019 ਨੂੰ ਸਵੇਰੇ ਦੇ 11 ਵਜੇ ਤੋਂ ਪਹਿਲਾਂ) ਕਮਿਸ਼ਨ ਨੂੰ ਦੇਣ।

ਇਲਕੈਸ਼ਨ ਕਮਿਸ਼ਨ ਵਿਚ ਇਹ ਤਿੰਨ ਮੈਂਬਰ ਸ਼ਾਮਲ ਹਨ :
ਬਲਜਿੰਦਰ ਸਿੰਘ ਸੰਧੂ, 416-904-7540, ਸਤਿੰਦਰ ਕੌਰ ਜੌਹਲ, 416-728-8615
ਗੁਰਚਰਨ ਸਿੰਘ, 416-904-2016

ਜਾਰੀ ਕਰਤਾ
ਪ੍ਰਬੰਧਕ ਕਮੇਟੀ, ਓਨਟਾਰੀਓ ਖਾਲਸਾ ਦਰਬਾਰ, 7080 ਡਿਕਸੀ ਰੋਡ, ਮਿਸੀਸਾਗਾ, ਓਨਟਾਰੀਓ



## PLATINUM MORTGAGES
## FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4



## UPPAL LAW
FREE CONSULTATION !



Avtar Uppal
Manager





Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



## ਪਾਕਿਸਤਾਨ ਦੀ ਟਾਪ ਮਾਡਲ ਅਯਾਨ ਅਲੀ ਭਗੌੜੀ ਐਲਾਨ ਕੀਤੀ



ਰਾਵਲਪਿੰਡੀ, 11 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਰਾਵਲਪਿੰਡੀ ਦੀ ਇੱਕ ਅਦਾਲਤ ਨੇ ਟਾਪ ਮਾਡਲ ਅਤੇ ਗਾਇਕਾ ਅਯਾਨ ਅਲੀ ਨੂੰ ਨਕਦੀ ਤਸਕਰੀ ਦੇ ਕੇਸ ਵਿੱਚ ਭਗੌੜਾ ਐਲਾਨ ਕਰਦੇ ਹੋਏ ਉਸ ਦੀ ਸਾਰੀ ਚਲ ਅਤੇ ਅਚੱਲ ਜਾਇਦਾਦ ਜ਼ਬਤ ਕਰਨ ਦਾ ਹੁਕਮ ਦਿੱਤਾ ਹੈ।
ਅਦਾਲਤ ਨੇ ਅਯਾਨ ਦੇ ਵਕੀਲ ਦੀ ਅਪੀਲ ਨੂੰ ਵੀ ਠੁਕਰਾ ਦਿੱਤਾ ਕਿ ਉਨ੍ਹਾਂ ਦੀ ਕਲਾਈਂਟ ਨੂੰ ਕੋਰਟ ਵਿੱਚ ਸਮਰਪਣ ਦੇ ਲਈ ਥੋੜ੍ਹਾ ਸਮਾਂ ਚਾਹੀਦਾ ਹੈ। ਇਸ ਸੰਬੰਧ ਵਿੱਚ ਅਦਾਲਤ ਨੇ ਅਯਾਨ ਦੇ ਦੋਵੇਂ ਜ਼ਮਾਨਤੀਆਂ ਸ਼ੌਕਤ ਅਤੇ ਨਵਾਜ਼ ਵੱਲੋਂ ਜਮ੍ਹਾ ਕਰਵਾਈ ਜ਼ਮਾਨਤ ਦੀ ਰਕਮ ਵੀ ਜ਼ਬਤ ਕਰਨ ਦਾ ਹੁਕਮ ਦਿੱਤਾ ਹੈ। ਇਸ ਮਗਰੋਂ ਜੱਜ ਭੁੱਟੋ ਨੇ ਮਾਮਲੇ ਦੀ ਸੁਣਵਾਈ 18 ਮਾਰਚ ਤੱਕ ਦੇ ਲਈ ਮੁਲਤਵੀ ਕਰ ਦਿੱਤੀ। ਅਯਾਨ ਨੂੰ 14 ਮਾਰਚ 2015 ਨੂੰ 506800 ਅਮਰੀਕੀ ਡਾਲਰ ਤਸਕਰੀ ਨਾਲ ਯੂ ਏ ਈ ਵੱਲ ਲੈ ਜਾਣ ਦੇ ਦੋਸ਼ ਵਿੱਚ ਇਸਲਾਮਾਬਾਦ ਦੇ ਬੇਨਜ਼ੀਰ ਭੁੱਟੋ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਸੁਰੱਖਿਆ ਬਲਾਂ ਨੇ ਗ੍ਰਿਫਤਾਰ ਕੀਤਾ ਸੀ। ਇਹ ਹਵਾਈ ਅੱਡਾ ਸਾਲ 2018 ਤੱਕ ਵਰਤੋਂ ਵਿੱਚ ਸੀ ਅਤੇ ਇਸ ਦੇ ਬਾਅਦ ਇਸ ਦੀ ਜਗ੍ਹਾ 'ਤੇ ਨਵਾਂ ਹਵਾਈ ਅੱਡਾ ਬਣਾਇਆ ਗਿਆ। ਅਯਾਨ ਦਾ ਨਾਂਅ ਸਿਖਰਲੇ ਸਿਆਸਤਦਾਨਾਂ ਦੇ ਨਾਲ ਜੋੜਿਆ ਜਾਂਦਾ ਰਿਹਾ ਹੈ। ਉਸ 'ਤੇ ਸਿਆਸਤਦਾਨਾਂ ਦੇ ਕਾਲੇ ਧਨ ਨੂੰ ਸਫੇਦ ਕਰਨ ਦੇ ਕੰਮ ਵਿੱਚ ਸਹਿਯੋਗ ਕਰਨ ਦਾ ਦੋਸ਼ ਹੈ।

# ਬਿਜਲੀ ਬੰਦ ਹੋਣ ਕਾਰਨ ਵੈਨਜ਼ੁਏਲਾ 'ਚ 15 ਡਾਇਲਸਿਸ ਮਰੀਜ਼ਾਂ ਦੀ ਮੌਤ



ਕਾਰਾਕਸ, 11 ਮਾਰਚ (ਪੋਸਟ ਬਿਊਰੋ)- ਵੈਨਜ਼ੁਏਲਾ ਵਿੱਚ ਬਿਜਲੀ ਬੰਦ ਹੋਣ ਕਾਰਨ ਕਿਡਨੀ ਦੀ ਬਿਮਾਰੀ ਨਾਲ ਪੀੜਤ 15 ਲੋਕਾਂ ਦਾ ਡਾਇਲਸਿਸ ਨਾ ਹੋ ਸਕਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਹੈ।
ਸਿਹਤ ਮੁਲਾਜ਼ਮਾਂ ਲਈ ਕੰਮ ਕਰਦੇ ਗੈਰ ਸਰਕਾਰੀ ਸੰਗਠਨ ਕੋਡੇਵਿਡਾ ਦੀ ਡਾਇਰੈਕਟਰ ਫਰਾਂਸਿਸਕੋ ਵਾਲੈਂਸੀਆ ਨੇ ਕਿਹਾ ਕਿ ਕੱਲ੍ਹ ਅਤੇ ਅੱਜ ਵਿਚਾਲੇ ਡਾਇਲਸਿਸ ਨਾ ਹੋਣ ਕਾਰਨ 15 ਲੋਕਾਂ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਜਿਹੜੇ ਲੋਕਾਂ ਦੀ ਕਿਡਨੀ ਖਰਾਬ ਹੋ ਗਈ ਹੈ, ਉਹ ਮੁਸ਼ਕਿਲ ਵਿੱਚ ਹਨ। ਅਸੀਂ ਕਰੀਬ 95 ਫੀਸਦੀ ਡਾਇਲਸਿਸ ਯੂਨਿਟਸ ਦੀ ਗੱਲ ਕਰ ਰਹੇ ਹਾਂ, ਜੋ ਬਿਜਲੀ ਸੰਕਟ ਕਾਰਨ ਬੰਦ ਹੋਈਆਂ ਹਨ। ਇਸ ਦੌਰਾਨ ਵੈਨਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੇ ਦਾਅਵਾ ਕੀਤਾ ਕਿ ਨਵੇਂ 'ਸਾਈਬਰਨੇਟਿਕਸ' ਸਾਈਬਰ ਹਮਲੇ ਕਾਰਨ ਅਧਿਕਾਰੀਆਂ ਨੂੰ ਬਿਜਲੀ ਸਪਲਾਈ ਬਹਾਲ ਕਰਨ 'ਚ ਮੁਸ਼ਕਿਲਾਂ ਆ ਰਹੀਆਂ ਹਨ। ਮਾਦੂਰੋ ਨੇ ਕਾਰਾਕਸ 'ਚ ਸਮਰਥਕਾਂ ਨੂੰ ਦੱਸਿਆ ਕਿ ਕਰੀਬ 70 ਫੀਸਦੀ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਤਾਂ ਸਹੀ ਤਰ੍ਹਾਂ ਕੰਮ ਕਰ ਰਹੇ ਇਕ ਜਨਰੇਟਰ 'ਤੇ ਇਕ ਹੋਰ ਸਾਈਬਰਨੇਟਿਕਸ ਹਮਲਾ ਹੋਇਆ ਤੇ ਜਿੰਨੀ ਸਫਲਤਾ ਮਿਲੀ ਸੀ, ਉਸ 'ਤੇ ਪਾਣੀ ਫਿਰ ਗਿਆ। ਦੂਸਰੇ ਪਾਸੇ ਵੈਨਜ਼ੁਏਲਾ 'ਚ ਵਿਰੋਧੀ ਧਿਰ ਦੇ ਨੇਤਾ ਜੁਆਨ ਗੁਡਦੋ ਨੇ ਲੋਕਾਂ ਤੋਂ ਦੇਸ਼ ਭਰ 'ਚ ਮਾਰਚ ਕੱਢਣ ਲਈ ਕਿਹਾ ਤੇ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਆਏ।

## ਪਾਕਿ ਨੇ ਭਾਰਤ ਨੂੰ ਐਫ ਏ ਟੀ ਐਫ ਦੀ ਕੋ-ਚੇਅਰ ਤੋਂ ਹਟਾਉਣ ਦੀ ਮੰਗ ਕੀਤੀ

ਇਸਲਾਮਾਬਾਦ, 11 ਮਾਰਚ (ਪੋਸਟ ਬਿਊਰੋ)- ਫਾਈਨੈਂਸ਼ਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਵੱਲੋਂ ਬਲੈਕ ਲਿਸਟ ਕੀਤੇ ਜਾਣ ਤੋਂ ਘਬਰਾਏ ਪਾਕਿਸਤਾਨ ਨੇ ਬੇਨੀਤੀ ਕੀਤੀ ਹੈ ਕਿ ਭਾਰਤ ਨੂੰ ਇਸ ਸੰਸਥਾ ਦੀ ਕੋ-ਚੇਅਰ ਤੋਂ ਲਾਂਭੇ ਕੀਤਾ ਜਾਵੇ, ਕਿਉਂਕਿ ਉਸ ਨੂੰ ਭਾਰਤ ਦੇ ਅਸਰ ਤੋਂ ਫਿਕਰ ਲੱਗਦਾ ਹੈ।
ਵਰਨਣ ਯੋਗ ਹੈ ਕਿ ਪੁਲਵਾਮਾ ਵਾਲੇ ਦਹਿਸ਼ਤਗਰਦ ਹਮਲੇ ਪਿੱਛੋਂ ਐਫ ਏ ਟੀ ਐਫ ਪਾਕਿਸਤਾਨ ਸਰਕਾਰ ਵੱਲੋਂ ਦਹਿਸ਼ਤਵਾਦ ਦੇ ਟਾਕਰੇ ਲਈ ਕੀਤੀ ਕਾਰਵਾਈ ਦੀ ਨਜ਼ਰਸਾਨੀ ਕਰ ਰਹੀ ਹੈ। ਪੈਰਿਸ ਵਿਚੋਂ ਚੱਲਦੀ ਸੰਸਾਰਕ ਸੰਸਥਾ, ਜਿਹੜੀ ਦਹਿਸ਼ਤਗਰਦਾਂ ਨੂੰ ਮਿਲਦੀ ਵਿੱਤੀ ਮਦਦ ਅਤੇ ਮਨੀ ਲਾਂਡਰਿੰਗ ਨੂੰ ਨੱਥ ਪਾਉਣ ਲਈ ਕੰਮ ਕਰ ਰਹੀ ਹੈ, ਨੇ ਇਸ ਬਾਰੇ ਪਾਕਿਸਤਾਨ ਨੂੰ ਕਿਹਾ ਹੈ ਕਿ ਉਹ ਦੇਸ਼ ਵਿਚਲੀਆਂ ਪਾਬੰਦੀ ਸ਼ੁਦਾ ਦਹਿਸ਼ਤਗਰਦ ਜਥੇਬੰਦੀਆਂ ਦੇ ਅਪਰੇਸ਼ਨਾਂ 'ਤੇ ਲਗਾਮ ਲਾਉਣ ਲਈ ਪਹਿਲ ਕਰੇ। ਪੁਲਵਾਮਾ ਵਾਲੇ ਹਮਲੇ ਪਿੱਛੋਂ ਪਾਕਿਸਤਾਨ 'ਤੇ ਜੈਸ਼-ਏ-ਮੁਹੰਮਦ ਜਿਹੇ ਦਹਿਸ਼ਤੀ ਸੰਗਠਨਾਂ ਖਿਲਾਫ ਕਾਰਵਾਈ ਲਈ ਕਾਫੀ ਦਬਾਅ ਹੈ। ਪਾਕਿਸਤਾਨ ਦੇ ਵਿੱਤ ਮੰਤਰੀ ਅਸਦ ਉਮਰ ਨੇ ਐਫ ਏ ਟੀ ਐਫ ਦੇ ਮੁਖੀ ਮਾਰਸ਼ਲ ਬਿਲਿੰਗਸਲੀ ਨੂੰ ਲਿਖਿਆ ਹੈ ਕਿ ਉਹ ਏਸ਼ੀਆ-ਪੈਸੀਫਿਕ ਜਾਇੰਟ ਗਰੁੱਪ ਦੇ ਕੋ-ਚੇਅਰ ਵਜੋਂ ਭਾਰਤ ਨੂੰ ਲਾਂਭੇ ਕਰਕੇ ਕਿਸੇ ਹੋਰ ਮੈਂਬਰ ਦੇਸ਼ ਨੂੰ ਇਸ ਅਹੁਦੇ ਉਤੇ ਲਾਏ ਤਾਂ ਕਿ ਸੰਸਥਾ ਦਾ ਨਜ਼ਰਸਾਨੀ ਅਮਲ ਨਿਰਪੱਖ ਤੇ ਵਾਸਤਵਿਕ ਹੋਵੇ।' ਉਮਰ ਨੇ ਅੱਗੇ ਲਿਖਿਆ ਹੈ ਕਿ ਭਾਰਤ ਦੀ ਪਾਕਿਸਤਾਨ ਪ੍ਰਤੀ ਦੁਸ਼ਮਣੀ ਕਿਸੇ ਤੋਂ ਨਹੀਂ ਲੁਕੀ ਅਤੇ ਪਾਕਿਸਤਾਨ ਦੇ ਹਵਾਈ ਖੇਤਰ ਦੀ ਉਲੰਘਣਾ ਕਰਕੇ ਕੀਤੇ ਹਮਲੇ ਭਾਰਤ ਦੇ ਵਿਰੋਧੀ ਰਵੱਈਏ ਦੀ ਮਿਸਾਲ ਹਨ। ਉਮਰ ਨੇ ਕਿਹਾ ਕਿ ਉਹ ਭਾਰਤ ਨੂੰ ਸੰਸਥਾ ਦੀ ਕੋ-ਚੇਅਰ ਤੋਂ ਹਟਾਉਣ ਲਈ ਹਿਤੈਸ਼ੀ ਮੁਲਕਾਂ ਨਾਲ ਵੀ ਲੌਬਿੰਗ ਕਰਨਗੇ।

## ਨਾਸਾ ਨੂੰ ਚੰਨ ਦੇ ਨੇੜੇ ਘੁੰਮਦੇ ਜਲ ਅਣੂ ਲੱਭੇ



ਵਾਸ਼ਿੰਗਟਨ, 11 ਮਾਰਚ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਕਿਹਾ ਕਿ ਉਸ ਦੇ 'ਲੂਨਰ ਰਿਕਾਂਸਸੈਂਸ' (ਐੱਲ ਆਰ ਓ) ਨੇ ਚੰਨ ਦੀ ਦਿਨ ਵਾਲੀ ਪਰਤ ਦੇ ਨੇੜੇ ਚੱਕਰ ਲਾ ਰਹੇ ਜਲ ਅਣੂਆਂ ਦਾ ਪਤਾ ਲਾਇਆ ਹੈ। ਇਸ ਨਾਲ ਚੰਨ 'ਤੇ ਪਾਣੀ ਦੀ ਪਹੁੰਚ ਦੇ ਬਾਰੇ ਵਿੱਚ ਜਾਨਣ ਵਿੱਚ ਮਦਦ ਮਿਲ ਸਕਦੀ ਹੈ, ਜਿਹੜੀ ਭਵਿੱਖ ਦੇ ਚੰਦਰ ਮਿਸ਼ਨਾਂ ਵਿੱਚ ਮਨੁੱਖਾਂ ਵੱਲੋਂ ਇਸਤੇਮਾਲ ਕੀਤੀ ਜਾ ਸਕਦੀ ਹੈ।
ਇਹ ਜਾਣਕਾਰੀ ਜਨਰਲ ਜਿਓਫਿਜ਼ੀਕਲ ਰਿਸਰਚ ਲੈਟਰਸ ਵਿੱਚ ਪ੍ਰਕਾਸ਼ਿਤ ਹੋਈ ਹੈ। ਵਰਨਣ ਯੋਗ ਹੈ ਕਿ ਬੀਤੇ ਇੱਕ ਦਹਾਕੇ ਤੱਕ ਵਿਗਿਆਨਕਾਂ ਦਾ ਮੰਨਣਾ ਸੀ ਕਿ ਚੰਨ ਸੁੱਕਾ ਹੈ ਅਤੇ ਜੇ ਕਿਤੇ ਪਾਣੀ ਹੈ ਤਾਂ ਉਹ ਚੰਨ ਦੇ ਹਮੇਸ਼ਾ ਰਾਤ ਵਿੱਚ ਰਹਿਣ ਵਾਲੇ ਦੂਸਰੇ ਹਿੱਸੇ ਵਿੱਚ ਧਰੁਵਾਂ ਦੇ ਨੇੜੇ ਬਣੇ ਖੱਡਿਆਂ ਵਿੱਚ ਬਰਫ ਦੇ ਰੂਪ ਵਿੱਚ ਹੋ ਸਕਦਾ ਹੈ। ਨਾਸਾ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਹਾਲ ਹੀ ਵਿੱਚ ਵਿਗਿਆਨਕਾਂ ਨੇ ਚੰਨ ਦੀ ਮਿੱਟੀ ਦੀ ਪਰਤ 'ਤੇ ਪਾਣੀ ਦੇ ਅਣੂਆਂ ਦੀ ਬੇਹੱਦ ਘੱਟ ਮੌਜੂਦਗੀ ਦਾ ਪਤਾ ਲਾਇਆ ਹੈ।

## ਚੀਨ, ਇੰਡੋਨੇਸ਼ੀਆ ਅਤੇ ਇਥੋਪੀਆ ਨੇ ਬੋਇੰਗ 737 ਜਹਾਜ਼ ਖੜ੍ਹੇ ਕੀਤੇ



ਬੀਜਿੰਗ, 11 ਮਾਰਚ (ਪੋਸਟ ਬਿਊਰੋ)- ਪਹਿਲਾਂ ਇੰਡੋਨੇਸ਼ੀਆ ਤੇ ਫਿਰ ਇਥੋਪੀਆ ਵਿੱਚ ਬੋਇੰਗ 737 ਮੈਕਸ 8 ਜਹਾਜ਼ ਦੇ ਹਾਦਸੇ ਦਾ ਸ਼ਿਕਾਰ ਹੋਣ ਨਾਲ ਇਨ੍ਹਾਂ ਜਹਾਜ਼ਾਂ ਦੀ ਸੁਰੱਖਿਆ ਪ੍ਰਬੰਧਾਂ ਸਵਾਲ ਖੜ੍ਹੇ ਹੋ ਗਏ ਹਨ। ਇਸ ਨੂੰ ਵੇਖ ਕੇ ਚੀਨ, ਇੰਡੋਨੇਸ਼ੀਆ ਤੇ ਇਥੋਪੀਆ ਨੇ ਆਪਣੇ ਬੋਇੰਗ 737 ਮੈਕਸ 8 ਜਹਾਜ਼ ਖੜ੍ਹੇ ਕਰ ਦਿੱਤੇ ਹਨ।
ਵਰਨਣ ਯੋਗ ਹੈ ਕਿ ਇਥੋਪੀਅਨ ਏਅਰਲਾਈਨਜ਼ ਦਾ ਬੋਇੰਗ 737 ਮੈਕਸ 8 ਜਹਾਜ਼ ਐਤਵਾਰ ਅਦੀਸ ਅਬਾਬਾ ਤੋਂ ਉਡਾਣ ਭਰਨ ਤੋਂ ਤੁਰੰਤ ਬਾਅਦ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ, ਜਿਸ ਵਿੱਚ ਚਾਰ ਭਾਰਤੀਆਂ ਸਮੇਤ 157 ਲੋਕਾਂ ਦੀ ਮੌਤ ਹੋ ਗਈ ਸੀ। ਹਾਦਸੇ ਦਾ ਸ਼ਿਕਾਰ ਹੋਇਆ ਇਥੋਪੀਅਨ ਏਅਰਲਾਈਨਜ਼ ਦਾ ਬੋਇੰਗ ਜਹਾਜ਼ ਹਾਲੇ ਪੰਜ ਮਹੀਨੇ ਪਹਿਲਾਂ ਖਰੀਦਿਆ ਗਿਆ ਸੀ। ਇਸੇ ਮਾਡਲ ਦਾ ਲਾਇਨ ਏਅਰ ਦਾ ਜਹਾਜ਼ ਪਿਛਲੇ ਸਾਲ ਇੰਡੋਨੇਸ਼ੀਆ ਵਿੱਚ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ, ਜਿਸ ਵਿੱਚ 189 ਲੋਕਾਂ ਦੀ ਜਾਨ ਗਈ ਸੀ। ਇਹ ਦੋਵੇਂ ਜਹਾਜ਼ ਨਵੇਂ ਸਨ। ਹਾਦਸੇ ਵੀ ਇਕੋ ਤਰ੍ਹਾਂ ਯਾਨੀ ਉਡਾਣ ਭਰਨ ਤੋਂ ਤੁਰੰਤ ਬਾਅਦ ਹੋਏ। ਚੀਨ ਦੀ ਸਿਵਲ ਏਵੀਏਸ਼ਨ ਅਥਾਰਟੀ ਦੇ ਹਵਾਲੇ ਨਾਲ ਹਾਂਗਕਾਂਗ ਸਥਿਤ ਸਾਊਥ ਚਾਈਨਾ ਮਾਰਨਿੰਗ ਪੋਸਟ ਨੇ ਦੱਸਿਆ ਹੈ ਕਿ ਚੀਨ ਸਰਕਾਰ ਅਤੇ ਨਿੱਜੀ ਏਅਰਲਾਈਨਜ਼ ਕੋਲ 97 ਬੋਇੰਗ 737 ਮੈਕਸ 8 ਜਹਾਜ਼ ਹਨ। ਇਥੋਪੀਆ ਨੇ ਚਾਰ ਬੋਇੰਗ ਜਹਾਜ਼ ਖੜ੍ਹੇ ਕਰ ਦਿੱਤੇ ਹਨ। ਇੰਡੋਨੇਸ਼ੀਆ ਤੇ ਕੈਰੀਬਿਆਈ ਕੇਮੈਨ ਏਅਰਵੇਜ਼ ਨੇ ਵੀ ਆਪਣੇ ਬੋਇੰਗ ਜਹਾਜ਼ਾਂ ਦੀ ਉਡਾਣ ਉੱਤੇ ਰੋਕ ਲਾ ਦਿੱਤੀ ਹੈ।
ਅਮਰੀਕਾ ਦੇ ਸ਼ਿਕਾਗੋ ਵਿੱਚ ਬੋਇੰਗ ਕੰਪਨੀ ਨੇ ਹਾਦਸੇ ਉੱਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਉਹ ਆਪਣੇ ਗਾਹਕਾਂ ਲਈ ਕੋਈ ਨਵੀਂ ਹਦਾਇਤ ਜਾਰੀ ਨਹੀਂ ਕਰੇਗੀ।

## ਪਹਿਲੀ ਪਤਨੀ ਨੂੰ ਤਲਾਕ ਦਿੱਤੇ ਬਿਨਾਂ ਹੋਰ ਵਿਆਹ ਕਰਵਾਇਆ

* ਆਸਟਰੇਲਿਆਈ ਪੁਲਸ ਵੱਲੋਂ ਕੇਸ ਦਰਜ



ਐਡੀਲੇਡ, 11 ਮਾਰਚ (ਪੋਸਟ ਬਿਊਰੋ)- ਪੰਜਾਬਣ ਮਹਿਲਾ ਹਰਪਾਲ ਕੌਰ (42) ਨੇ ਅੰਮ੍ਰਿਤਧਾਰੀ ਹਰਵਿੰਦਰ ਸਿੰਘ (40) ਉੱਤੇ ਦੋਸ਼ ਲਾਇਆ ਹੈ ਕਿ ਉਸ ਨੇ ਤਲਾਕ ਲਏ ਬਗੈਰ ਹੋਰ ਵਿਆਹ ਕਰਵਾਇਆ ਹੈ। ਉਸ ਨੇ ਹਰਵਿੰਦਰ ਸਿੰਘ ਉੱਤੇ ਸੈਕਸ ਸੋਸ਼ਣ ਦੇ ਦੋਸ਼ ਵੀ ਲਾਏ ਹਨ। ਉਸ ਦਾ ਕਹਿਣਾ ਹੈ ਕਿ ਦੋਸ਼ੀ ਉਸ ਨਾਲ ਕੀਤੇ ਵਿਆਹ ਤੋਂ ਵੀ ਮੁੱਕਰ ਗਿਆ ਹੈ। ਇਸ ਮਾਮਲੇ ਵਿੱਚ ਆਸਟਰੇਲਿਆਈ ਪੁਲਸ ਨੇ ਕੇਸ ਦਰਜ ਕਰ ਲਿਆ ਹੈ।
ਹਰਪਾਲ ਕੌਰ ਨੇ ਦੱਸਿਆ ਕਿ ਹਰਵਿੰਦਰ ਸਿੰਘ ਨੇ ਆਪਣੀ ਪਹਿਲੀ ਪਤਨੀ ਨੂੰ ਤਲਾਕ ਦਿੱਤੇ ਬਿਨਾਂ ਉਸ ਨੂੰ ਧੋਖੇ ਵਿੱਚ ਰੱਖ ਕੇ ਦੂਜਾ ਵਿਆਹ ਕਰਵਾ ਕੇ ਦੋ ਸਾਲ ਸੈਕਸ ਸੋਸ਼ਣ ਕੀਤਾ। ਉਸ ਨੇ ਦੋਸ਼ ਲਾਇਆ ਕਿ ਹਰਵਿੰਦਰ ਸਿੰਘ ਉਸ ਨੂੰ ਨਸ਼ੀਲੀਆਂ ਦਵਾਈਆਂ ਖਵਾਉਂਦਾ ਰਿਹਾ, ਜਿਸ ਦਾ ਵਿਰੋਧ ਕਰਨ 'ਤੇ ਉਹ ਕਰਵਾਏ ਹੋਏ ਵਿਆਹ ਤੋਂ ਮੁੱਕਰ ਰਿਹਾ ਹੈ। ਇਸ ਮੌਕੇ ਹਰਪਾਲ ਕੌਰ ਨੇ ਰੋਸ ਜ਼ਾਹਰ ਕੀਤਾ ਕਿ ਹਰਵਿੰਦਰ ਸਿੰਘ ਨਾਲ ਕਰਵਾਏ ਵਿਆਹ ਦਾ ਸਰਟੀਫਿਕੇਟ ਦੇਣ ਵਿੱਚ ਸਰਬੱਤ ਖਾਲਸਾ ਗੁਰਦੁਆਰਾ ਐਡੀਲੇਡ ਦੀ ਪ੍ਰਬੰਧਕ ਕਮੇਟੀ ਆਨਾਕਾਨੀ ਕਰ ਰਹੀ ਹੈ। ਉਸ ਨੇ ਦੱਸਿਆ ਕਿ ਉਸ ਦੇ ਪਹਿਲੇ ਪਤੀ ਦੀ ਮੌਤ ਦੇ ਬਾਅਦ ਉਸ ਦਾ ਸਾਲ 2009 ਵਿੱਚ ਹਰਵਿੰਦਰ ਸਿੰਘ ਨਾਲ ਪਰਵਾਰ ਦੀ ਸਹਿਮਤੀ ਨਾਲ ਵਿਆਹ ਹੋਇਆ ਤਾਂ ਕੁਝ ਸਮਾਂ ਪਿੱਛੋਂ ਉਸ ਨੂੰ ਪਤਾ ਲੱਗਾ ਕਿ ਹਰਵਿੰਦਰ ਸਿੰਘ ਨੇ ਆਪਣੇ ਪਰਵਾਰ ਦੀ ਮਦਦ ਨਾਲ ਉਸ (ਹਰਪਾਲ ਕੌਰ) ਨਾਲ ਤੀਸਰਾ ਵਿਆਹ ਕਰਾਇਆ ਹੈ। ਉਸ ਨੇ ਦੱਸਿਆ ਕਿ ਹਰਵਿੰਦਰ ਸਿੰਘ ਨੂੰ ਜੁਲਾਈ 2017 ਵਿੱਚ ਆਸਟਰੇਲੀਆ ਦੀ ਨਾਗਰਿਕਤਾ ਮਿਲਣ ਪਿੱਛੋਂ ਉਸ ਦਾ ਵਿਹਾਰ ਬਦਲ ਗਿਆ ਤੇ ਉਹ ਕੁੱਟਮਾਰ ਕਰਨ ਲੱਗ ਪਿਆ ਸੀ। ਉਸ ਨੇ ਦੱਸਿਆ ਕਿ 28 ਜੂਨ 2018 ਨੂੰ ਹਰਵਿੰਦਰ ਸਿੰਘ ਨੇ ਉਸ ਦੀ ਕੁੱਟਮਾਰ ਕੀਤੀ ਤਾਂ ਉਸ ਨੂੰ ਸਿਰ ਦੀ ਡੂੰਘੀ ਸੱਟ ਲੱਗ ਗਈ। ਇਸ ਪਿੱਛੋਂ ਆਸਟਰੇਲਿਆਈ ਪੁਲਸ ਨੇ ਹਰਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ।
ਹਰਪਾਲ ਕੌਰ ਨੇ ਗੁਰਦੁਆਰਾ ਪਰਾਸਪੈਕਟ ਐਡੀਲੇਡ ਵਿੱਚ ਹਰਵਿੰਦਰ ਸਿੰਘ ਨਾਲ ਹੋਏ ਆਨੰਦ ਕਾਰਜ ਦੀ ਇੱਕ ਵੀਡੀਓ ਅਤੇ ਤਸਵੀਰਾਂ ਵਿਖਾਉਂਦੇ ਹੋਏ ਇਨਸਾਫ ਦੀ ਮੰਗ ਕੀਤੀ ਹੈ।

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
Special Flights to India and Pakistan
Special Packages to cuba, mexico
Online visa application (India)
Cruise Booking
Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
Complete Basement
Tiles
Bathrooms
Plumbing
Laminate
Hardwood Floor
Painting
A-1 RENOVATION GTA INC.
22 Listcreek Road, Brampton L6p 2n6

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
Low Down payment/Flexible Terms
Large Inventory of New Trucks & Trailers
Quick Approvals
Honest Service
Best Rate in Town
Offices all over Canada
For more Information Contact
Rajdeep: 647.707.4167
Office: 905.678.2424

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11, Toronto, ON M2K 0A6

Honesty, Reliability, Commitment
Hira Randhawa
Broker
1 yr Home Warranty
Appliances & Furniture
40% Discount on Brand Name
Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacouasy
All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 Morning Star/Airport
Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 Charolais & Chinguacouasy
Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 Chinguacousy/Drinkwater
